Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 5 : # ਅੰਕ 13 09/07/2026 www.samajweekly.com samajweekly @samajweekly samajweekly

# ਇਰਾਨ ਨਾਲ ਜੰਗ ਬੰਦੀ ਖਤਮ: ਡੋਨਾਲਡ ਟਰੰਪ

## 'ਹੁਣ ਨਹੀਂ ਕਰਨਾ ਚਾਹੁੰਦੇ ਡੀਲ', ਅਮਰੀਕੀ ਰਾਸ਼ਟਰਪਤੀ ਟਰੰਪ ਦਾ ਵੱਡਾ ਐਲਾਨ

**ਵਾਸ਼ਿੰਗਟਨ:** ਅਮਰੀਕਾ ਅਤੇ ਇਰਾਨ ਵਿਚਾਲੇ ਤਣਾਅ ਦੌਰਾਨ ਹੁਣ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਵੱਡਾ ਬਿਆਨ ਆਇਆ ਹੈ। ਨਾਟੋ ਦੇ ਸਿਖਰ ਸੰਮੇਲਨ ਵਿੱਚ ਹਿੱਸਾ ਲੈਣ ਤੁਰਕੀ ਪਹੁੰਚੇ ਟਰੰਪ ਨੇ ਕਿਹਾ ਕਿ ਇਰਾਨ ਨਾਲ ਜੰਗਬੰਦੀ ਖ਼ਤਮ ਹੋ ਗਈ ਹੈ। ਟਰੰਪ ਨੇ ਕਿਹਾ ਕਿ ਉਹ ਹੁਣ ਇਰਾਨ ਨਾਲ ਕੋਈ ਡੀਲ ਨਹੀਂ ਚਾਹੁੰਦੇ। ਟਰੰਪ ਨੇ ਕਿਹਾ ਕਿ ਮੈਂ ਇਰਾਨੀਆਂ ਨੂੰ ਕਹਿ ਦਿੱਤਾ ਹੈ ਕਿ ਤੁਸੀਂ ਜਿੰਨੀ ਵਾਰ ਹਮਲਾ ਕਰੋਗੇ, ਅਸੀਂ ਉਸ ਤੋਂ ਵੱਧ ਜਵਾਬੀ ਹਮਲਾ ਕਰਾਂਗੇ। ਉਨ੍ਹਾਂ ਕਿਹਾ ਕਿ ਅਸੀਂ ਇਰਾਨ ਨੂੰ ਪ੍ਰਮਾਣੂ-ਮੁਕਤ ਕਰਨ ਜਾ ਰਹੇ ਹਾਂ।ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਅਸੀਂ ਬੀਤੀ ਰਾਤ ਇਰਾਨ 'ਤੇ ਬਹੁਤ ਵੱਡਾ ਹਮਲਾ ਕੀਤਾ। ਟਰੰਪ ਨੇ ਨਾਟੋ 'ਤੇ ਵੀ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਮੈਂ ਨਾਟੋ ਤੋਂ ਖੁਸ਼ ਨਹੀਂ ਹਾਂ। ਉਹ ਨੰਬਰ ਵਨ ਰਾਜ-ਪ੍ਰਾਯੋਜਿਤ ਅੱਤਵਾਦੀ ਦੇਸ਼ ਇਰਾਨ ਦੇ ਖਿਲਾਫ ਮਦਦ ਨਹੀਂ ਕਰਨਾ ਚਾਹੁੰਦੇ। ਇਰਾਨ ਨਾਲ ਸਹਿਮਤੀ ਪੱਤਰ 'ਤੇ ਟਰੰਪ ਨੇ ਕਿਹਾ ਕਿ ਮੈਂ ਸਮਝਦਾ ਹਾਂ ਕਿ ਇਹ ਹੁਣ ਖ਼ਤਮ ਹੋ ਗਿਆ ਹੈ। ਇਰਾਨ ਨਾਲ ਡੀਲ ਕਰਨਾ ਸਮਾਂ ਬਰਬਾਦ ਕਰਨਾ ਹੈ।

**ਇਰਾਨ ਨੇ ਅਮਰੀਕਾ ਨੂੰ ਦਿੱਤੀ ਚੇਤਾਵਨੀ**

ਇਸ ਦੇ ਨਾਲ ਹੀ ਇਰਾਨ ਨੇ ਚੇਤਾਵਨੀ ਦਿੱਤੀ ਹੈ ਕਿ ਉਹ ਆਪਣੇ ਰਾਸ਼ਟਰੀ ਹਿੱਤਾਂ ਅਤੇ ਰਾਸ਼ਟਰੀ ਸੁਰੱਖਿਆ ਦੀ ਰੱਖਿਆ ਲਈ ਸਾਰੇ ਲੋੜੀਂਦੇ ਕਦਮ ਚੁੱਕੇਗਾ। ਇਰਾਨੀ ਵਿਦੇਸ਼ ਮੰਤਰਾਲੇ ਨੇ ਆਪਣੇ ਇੱਕ ਅਧਿਕਾਰਤ ਬਿਆਨ ਵਿੱਚ ਕਿਹਾ, "ਮੰਤਰਾਲਾ ਇਰਾਨੀ ਤੇਲ ਨਿਰਯਾਤ 'ਤੇ ਪਾਬੰਦੀਆਂ ਵਿੱਚ ਦਿੱਤੀ ਗਈ ਅਸਥਾਈ ਰਾਹਤ ਨੂੰ ਵਾਪਸ ਲੈਣ ਦੇ ਅਮਰੀਕੀ ਟ੍ਰੇਜ਼ਰੀ ਵਿਭਾਗ ਦੇ ਫੈਸਲੇ ਦੀ ਸਖ਼ਤ ਨਿੰਦਾ ਕਰਦਾ ਹੈ। ਮੰਤਰਾਲਾ ਇਸ ਨੂੰ 18 ਜੂਨ 2026 ਨੂੰ ਹੋਏ 'ਯੁੱਧ ਵਿਰਾਮ ਸਮਝੌਤੇ' ਦੀ ਧਾਰਾ 10 ਦੀ ਗੰਭੀਰ ਉਲੰਘਣਾ ਮੰਨਦਾ ਹੈ।"





**ਅਮਰੀਕਾ ਵੱਲੋਂ ਜੰਗਬੰਦੀ ਦੌਰਾਨ ਇਰਾਨ ਤੇ ਹਵਾਈ ਹਮਲੇ**

**ਤਹਿਰਾਨ।**ਅਮਰੀਕਾ ਨੇ ਅੱਜ ਸਵੇਰੇ ਜੰਗਬੰਦੀ ਦੇ ਵਿਚਕਾਰ ਇਰਾਨ ਤੇ ਹਵਾਈ ਹਮਲਾ ਕੀਤਾ। ਹੋਰਮੁਜ਼ ਜਲਡਮਰੂ ਵਿੱਚੋਂ ਲੰਘਣ ਵਾਲੇ ਤਿੰਨ ਵਪਾਰਕ ਜਹਾਜ਼ਾਂ ਤੇ ਹਮਲਿਆਂ ਦੇ ਜਵਾਬ ਵਿੱਚ, ਅਮਰੀਕੀ ਫੌਜ ਨੇ 80 ਤੋਂ ਵੱਧ ਇਰਾਨੀ ਫੌਜੀ ਠਿਕਾਣਿਆਂ ਤੇ ਵੱਡੇ ਪੱਧਰ ਤੇ ਹਵਾਈ ਹਮਲੇ ਕੀਤੇ ਹਨ। ਅਮਰੀਕੀ ਕੇਂਦਰੀ ਕਮਾਂਡ ਨੇ ਦਾਅਵਾ ਕੀਤਾ ਕਿ ਇਹ ਕਾਰਵਾਈਆਂ ਅੰਤਰਰਾਸ਼ਟਰੀ ਸਮੁੰਦਰੀ ਵਪਾਰ ਦੀ ਰੱਖਿਆ ਕਰਨ ਅਤੇ ਇਰਾਨ ਦੀ ਫੌਜੀ ਸਮਰੱਥਾ ਨੂੰ ਕਮਜ਼ੋਰ ਕਰਨ ਦੇ ਉਦੇਸ਼ ਨਾਲ ਕੀਤੀਆਂ ਗਈਆਂ ਸਨ। ਇਨ੍ਹਾਂ ਤਾਜ਼ਾ ਹਮਲਿਆਂ ਤੋਂ ਬਾਅਦ, ਇਰਾਨ ਨੇ ਵੀ ਬਦਲਾ ਲੈਣ ਦੀ ਧਮਕੀ ਦਿੱਤੀ ਹੈ। ਅਮਰੀਕੀ ਫੌਜ ਦੇ ਅਨੁਸਾਰ, ਹਵਾਈ ਹਮਲਿਆਂ ਵਿੱਚ ਇਰਾਨ ਦੇ ਹਵਾਈ ਰੱਖਿਆ ਪ੍ਰਣਾਲੀਆਂ, ਕਮਾਂਡ ਅਤੇ ਕੰਟਰੋਲ ਕੇਂਦਰਾਂ, ਤੱਟਵਰਤੀ ਰਾਡਾਰ ਸਟੇਸ਼ਨਾਂ, ਜਹਾਜ਼ ਵਿਰੋਧੀ ਮਿਜ਼ਾਈਲ ਲਾਂਚਰਾਂ, ਡਰੋਨ ਲਾਂਚ ਸਾਈਟਾਂ ਅਤੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਨਾਲ ਸਬੰਧਤ 60 ਤੋਂ ਵੱਧ ਹਾਈ-ਸਪੀਡ ਕਿਸ਼ਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਬੰਦਰ ਅੱਬਾਸ, ਕੇਸ਼ਮ ਟਾਪੂ ਅਤੇ ਸਿਰਿਕ ਦੇ ਆਲੇ ਦੁਆਲੇ ਕਈ ਫੌਜੀ ਸਥਾਪਨਾਵਾਂ ਤੇ ਵੀ ਹਮਲਾ ਕੀਤਾ ਗਿਆ ਸੀ। ਬੰਦਰ ਅੱਬਾਸ ਵਿੱਚ ਸ਼ਾਹਿਦ ਹੱਕਾਨੀ ਬੰਦਰਗਾਹ ਤੇ ਵੀ ਹਮਲਾ ਕੀਤਾ ਗਿਆ ਸੀ। ਅਮਰੀਕਾ ਦਾ ਕਹਿਣਾ ਹੈ ਕਿ ਤਿੰਨ ਵਪਾਰਕ ਤੇ ਘੰਟੇ ਪਹਿਲਾਂ ਹੋਰਮੁਜ਼ ਜਲਡਮਰੂ ਤੋਂ ਲੰਘਦੇ ਸਮੇਂ ਹਮਲਾ ਕੀਤਾ ਗਿਆ ਸੀ। ਵਾਸ਼ਿੰਗਟਨ ਨੇ ਹਮਲਿਆਂ ਲਈ ਸਿੱਧੇ ਤੌਰ ਤੇ ਇਰਾਨ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਉਨ੍ਹਾਂ ਨੂੰ ਜੰਗਬੰਦੀ ਦੀ ਉਲੰਘਣਾ ਕਿਹਾ।

# ਪਟਿਆਲਾ ਨੂੰ ਪੰਜਾਬ ਦਾ ਸਭ ਤੋਂ ਸਾਫ਼ ਸ਼ਹਿਰ ਬਣਾਉਣ ਲਈ 30 ਦਿਨਾਂ ਦਾ ਟੀਚਾ, ਮਾਨ ਸਰਕਾਰ ਵੱਲੋਂ ਹਾਈਬ੍ਰਿਡ ਸਫ਼ਾਈ ਮਾਡਲ ਦੀ ਸ਼ੁਰੂਆਤ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸ਼ਹਿਰੀ ਸਫ਼ਾਈ ਪ੍ਰਬੰਧ ਵਿੱਚ ਨਵਾਂ ਅਧਿਆਇ ਜੋੜਦਿਆਂ ਪਟਿਆਲਾ ਤੋਂ ਸੂਬੇ ਦੇ ਪਹਿਲੇ ਹਾਈਬ੍ਰਿਡ ਸਫ਼ਾਈ ਮਾਡਲ ਦੀ ਸ਼ੁਰੂਆਤ ਕੀਤੀ ਹੈ। ਸਥਾਨਕ ਸਰਕਾਰਾਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਮਾਡਲ ਦਾ ਆਗਾਜ਼ ਕੀਤਾ ਅਤੇ ਸਰਕਾਰ ਨੇ ਪਟਿਆਲਾ ਨੂੰ 30 ਦਿਨਾਂ ਦੇ ਅੰਦਰ ਪੰਜਾਬ ਦਾ ਸਭ ਤੋਂ ਸਾਫ਼-ਸੁਥਰਾ ਸ਼ਹਿਰ ਬਣਾਉਣ ਦਾ ਟੀਚਾ ਮਿੱਥਿਆ ਹੈ। ਨਵਾਂ ਹਾਈਬ੍ਰਿਡ ਸਫ਼ਾਈ ਮਾਡਲ ਮਸ਼ੀਨੀ ਅਤੇ ਮੈਨੂਅਲ ਸਫ਼ਾਈ ਪ੍ਰਣਾਲੀਆਂ ਦਾ ਸੁਮੇਲ ਹੈ। ਇਸ ਤਹਿਤ ਘਾਹ-ਫੂਸ ਅਤੇ ਝਾੜੀਆਂ ਦੀ ਮਸ਼ੀਨੀ ਕਟਾਈ, ਸੁਪਰ-ਸਕਸ਼ਨ ਮਸ਼ੀਨਾਂ ਅਤੇ ਸਕਰੱਬਰਾਂ ਰਾਹੀਂ ਸੜਕਾਂ ਦੀ ਸਫ਼ਾਈ, ਜੈਵਿਕ ਕੂੜੇ-ਕਰਕਟ ਨੂੰ ਹੱਥੀਂ ਇਕੱਠਾ ਕਰਨ ਦਾ ਕੰਮ ਅਤੇ ਸੜਕਾਂ ਦੀ ਧੁਆਈ ਵਰਗੇ ਕੰਮ ਇੱਕ ਨਿਰਧਾਰਿਤ ਹਫ਼ਤਾਵਾਰੀ



ਸ਼ਡਿਊਲ ਅਨੁਸਾਰ ਕੀਤੇ ਜਾਣਗੇ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਦੇਸ਼ ਦਾ ਸਭ ਤੋਂ ਪ੍ਰਭਾਵਸ਼ਾਲੀ ਸਫ਼ਾਈ ਮਾਡਲ ਲਾਗੂ ਕੀਤਾ ਜਾ ਰਿਹਾ ਹੈ। ਇਸ ਚਹੁੰ-ਪੜਾਵੀਂ ਪ੍ਰਣਾਲੀ ਰਾਹੀਂ ਪਹਿਲਾਂ ਝਾੜੀਆਂ ਅਤੇ ਘਾਹ ਦੀ ਕਟਾਈ ਕੀਤੀ ਜਾਵੇਗੀ, ਫਿਰ ਰਹਿੰਦ-ਖੂੰਹਦ ਦੀ ਸਫ਼ਾਈ, ਉਸ ਤੋਂ ਬਾਅਦ ਮਸ਼ੀਨਾਂ ਰਾਹੀਂ ਡੂੰਘੀ ਸਫ਼ਾਈ ਅਤੇ ਅੰਤ ਵਿੱਚ ਸੜਕਾਂ ਦੀ ਧੁਆਈ ਕੀਤੀ ਜਾਵੇਗੀ। ਇਸ ਮੁਹਿੰਮ ਵਿੱਚ ਸਫ਼ਾਈ ਕਰਮਚਾਰੀਆਂ ਦੀ ਭੂਮਿਕਾ ਸਭ ਤੋਂ ਮਹੱਤਵਪੂਰਨ ਹੈ। ਉਨ੍ਹਾਂ ਅਨੁਸਾਰ ਮਸ਼ੀਨਾਂ ਭਾਰੀ ਅਤੇ ਵੱਡੇ ਪੱਧਰ ਦਾ ਕੰਮ ਕਰਨਗੀਆਂ, ਜਦਕਿ ਸਫ਼ਾਈ ਸੇਵਕ ਬਾਰੀਕੀ ਨਾਲ ਸਫ਼ਾਈ ਨੂੰ ਯਕੀਨੀ ਬਣਾਉਣਗੇ। ਇਸ ਨਾਲ ਕਰਮਚਾਰੀਆਂ ਦੀ ਸਖ਼ਤ ਮਿਹਨਤ ਘਟੇਗੀ ਅਤੇ ਕਾਰਜਕੁਸ਼ਲਤਾ ਵਿੱਚ ਵਾਧਾ ਹੋਵੇਗਾ।ਆਉਣ ਵਾਲੇ ਹਫ਼ਤਿਆਂ ਵਿੱਚ ਪਟਿਆਲਾ ਦੀਆਂ ਸੜਕਾਂ ਅਤੇ ਜਨਤਕ ਥਾਵਾਂ ਵਿੱਚ ਸਫ਼ਾਈ ਦਾ ਵੱਡਾ ਬਦਲਾਅ ਨਜ਼ਰ ਆਵੇਗਾ। ਸਰਕਾਰ ਦੀ ਯੋਜਨਾ ਹੈ ਕਿ ਪਟਿਆਲਾ ਵਿੱਚ ਇਸ ਮਾਡਲ ਦੀ ਸਫਲਤਾ ਤੋਂ ਬਾਅਦ ਇਸਨੂੰ ਪੂਰੇ ਪੰਜਾਬ ਵਿੱਚ ਲਾਗੂ ਕੀਤਾ ਜਾਵੇ, ਤਾਂ ਜੋ ਸੂਬੇ ਨੂੰ ਦੇਸ਼ ਦੇ ਸਭ ਤੋਂ ਸਾਫ਼-ਸੁਥਰੇ ਰਾਜਾਂ ਵਿੱਚ ਸ਼ਾਮਲ ਕੀਤਾ ਜਾ ਸਕੇ।ਨਵੀਂ ਤਕਨੀਕ, ਮਸ਼ੀਨੀਕਰਨ ਅਤੇ ਸਫ਼ਾਈ ਕਰਮਚਾਰੀਆਂ ਦੀ ਭਾਗੀਦਾਰੀ ਨਾਲ ਸ਼ਹਿਰੀ ਸਫ਼ਾਈ ਪ੍ਰਬੰਧ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਟਿਕਾਊ ਬਣਾਇਆ ਜਾ ਸਕੇਗਾ।

# ਕੈਸ਼ੀਅਰ ਜਾਨਕੀਦਾਸ ਕਤਲ ਮਾਮਲਾ: ਚੰਡੀਗੜ੍ਹ ਪੁਲਿਸ ਨੇ ਚਾਰ ਹੋਰ ਮੁਲਜ਼ਮਾਂ ਨੂੰ ਕੀਤਾ ਗ੍ਰਿਫ਼ਤਾਰ

## ਪਾਕਿਸਤਾਨ ਨਾਲ ਜੁੜੇ ਤਾਰ, ਤਰਨਤਾਰਨ ਦੇ ਰਹਿਣ ਵਾਲੇ ਆਕਾਸ਼, ਸਚਿਨ ਤੇ ਗੁਰਮੀਤ ਗ੍ਰਿਫ਼ਤਾਰ

**ਚੰਡੀਗੜ੍ਹ:** ਸੈਕਟਰ 11 ਵਿੱਚ ਕੈਸ਼ੀਅਰ ਜਾਨਕੀਦਾਸ ਕਤਲ ਕੇਸ ਵਿੱਚ ਚੰਡੀਗੜ੍ਹ ਪੁਲਿਸ ਨੇ ਚਾਰ ਹੋਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਦੇ ਤਾਰ ਹੁਣ ਕਿਤੇ ਨਾ ਕਿਤੇ ਪਾਕਿਸਤਾਨ ਨਾਲ ਵੀ ਜੁੜੇ ਹੋਏ ਪਾਏ ਜਾ ਰਹੇ ਹਨ। ਪੁਲਿਸ ਨੇ ਇਸ ਕੇਸ ਵਿੱਚ ਤਰਨਤਾਰਨ ਦੇ ਰਹਿਣ ਵਾਲੇ ਆਕਾਸ਼, ਸਚਿਨ ਅਤੇ ਗੁਰਮੀਤ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਦੇ ਨਾਲ ਹੀ ਧਰਮਿੰਦਰ ਸਿੰਘ, ਜੋ ਕਿ ਇਸ ਸਮੇਂ ਕਪੂਰਥਲਾ ਜੇਲ੍ਹ ਵਿੱਚ ਬੰਦ ਹੈ, ਨੂੰ ਵੀ ਪੁਲਿਸ ਪ੍ਰੋਡਕਸ਼ਨ ਵਾਰੰਟ 'ਤੇ ਲੈ ਕੇ ਆਈ ਹੈ।ਪੁਲਿਸ ਦਾ ਕਹਿਣਾ ਹੈ ਕਿ ਇਹ ਤਿੰਨੋਂ ਮੁਲਜ਼ਮ ਧਰਮਿੰਦਰ ਸਿੰਘ ਦੇ ਕਹਿਣ 'ਤੇ ਹੀ ਵਾਰਦਾਤ ਨੂੰ ਅੰਜਾਮ ਦੇ ਰਹੇ ਸਨ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਨ੍ਹਾਂ ਕੋਲੋਂ 3 ਕਿੱਲੋ ਆਈਸ ਡਰੱਗ (ਜਿਸ ਦੀ ਭਾਰਤ ਵਿੱਚ ਕੀਮਤ 24 ਕਰੋੜ ਰੁਪਏ ਹੈ) ਅਤੇ ਹਥਿਆਰਾਂ ਦੇ



ਨਾਲ- ਨਾਲ 8 ਲੱਖ ਰੁਪਏ ਦੀ ਜਾਅਲੀ ਕਰੰਸੀ (ਨਕਲੀ ਨੋਟ) ਵੀ ਬਰਾਮਦ ਕੀਤੀ ਗਈ ਹੈ। ਪੁਲਿਸ ਮੁਤਾਬਕ ਇਸ ਪੂਰੇ ਮਾਮਲੇ ਵਿੱਚ ਇਨ੍ਹਾਂ ਨੂੰ ਅਸਾਈਨਮੈਂਟ (ਕੰਮ) ਪਾਕਿ-ਸਤਾਨ ਤੋਂ ਮਿਲਦੀ ਸੀ, ਜਿਸ ਰਾਹੀਂ ਇਹ ਡਰੱਗਜ਼ ਅਤੇ ਜਾਅਲੀ ਕਰੰਸੀ ਦਾ ਕਾਰੋਬਾਰ ਵੀ ਕਰਦੇ ਸਨ। ਫਿਲਹਾਲ ਪੁਲਿਸ ਇਸ ਪੂਰੇ ਮਾਮਲੇ ਦੀ ਅਗਲੀ ਜਾਂਚ ਕਰ ਰਹੀ ਹੈ।

# ਪੱਛਮੀ ਬੰਗਾਲ ਦੇ ਸੋਦਪੁਰ 'ਚ ਪਤੀ ਨੇ ਪਤਨੀ ਦੀ ਕੀਤੀ ਹੱਤਿਆ



**ਕੋਲਕਾਤਾ :** ਪੱਛਮੀ ਬੰਗਾਲ ਦੇ ਉੱਤਰ 24 ਪਰਗਨਾ ਦੇ ਸੋਦਪੁਰ ਦੇ ਘੋਲਾ ਮਹਿੰਦਰਨਗਰ ਇਲਾਕੇ ਵਿੱਚ ਬੁੱਧਵਾਰ ਸਵੇਰੇ ਉਸ ਵੇਲੇ ਹੜਕੰਪ ਮਚ ਗਿਆ, ਜਦੋਂ ਸਾਈਕਲ 'ਤੇ ਸੋਦਪੁਰ ਸਟੇਸ਼ਨ ਜਾ ਰਹੀ ਇੱਕ ਔਰਤ 'ਤੇ ਉਸ ਦੇ ਪਤੀ ਨੇ ਕਾਂਚਕਲ ਸਕੂਲ ਮੋੜ ਦੇ ਸਾਹਮਣੇ ਅਚਾਨਕ ਤੇਜ਼ਧਾਰ ਹਥਿਆਰ ਨਾਲ ਤਾਬੜਤੋੜ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਨੇ ਆਪਣੀ ਗਰਦਨ ਅਤੇ ਸਰੀਰ 'ਤੇ ਵੀ ਤੇਜ਼ਧਾਰ ਹਥਿਆਰ ਨਾਲ ਕਈ ਵਾਰ ਕੀਤੇ । ਸਥਾਨਕ ਲੋਕਾਂ ਨੇ ਤੁਰੰਤ ਪੁਲਿਸ ਨੂੰ ਇਸ ਦੀ ਸੂਚਨਾ ਦਿੱਤੀ । ਮੌਕੇ 'ਤੇ ਪਹੁੰਚੀ ਪੁਲਿਸ ਨੇ ਜ਼ਖ਼ਮੀ ਮੁਲਜ਼ਮ ਨੂੰ ਮੁਢਲੀ ਸਹਾਇਤਾ ਦੇਣ ਤੋਂ ਬਾਅਦ ਸਥਾਨਕ ਸਾਗਰ ਦੱਤਾ ਹਸਪਤਾਲ ਵਿੱਚ ਭਰਤੀ ਕਰਵਾਇਆ। ਦੋਵੇਂ ਆਪਸ ਵਿੱਚ ਪਤੀ-ਪਤਨੀ ਸਨ । ਫਿਲਹਾਲ ਸੁਭਾਸ਼ ਦਾਸ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ ਅਤੇ ਡਾਕਟਰ ਲਗਾਤਾਰ ਉਸ ਦੀ ਹਾਲਤ 'ਤੇ ਨਜ਼ਰ ਰੱਖ ਰਹੇ ਹਨ। ਸ਼ੁਰੂਆਤੀ ਜਾਂਚ ਵਿੱਚ ਕਤਲ ਦੇ ਪਿੱਛੇ ਦੀ ਅਸਲ ਵਜ੍ਹਾ ਸਾਫ਼ ਨਹੀਂ ਹੋ ਸਕੀ ਹੈ। ਪੁਲਿਸ ਪਰਿਵਾਰਕ ਵਿਵਾਦ ਸਮੇਤ ਸਾਰੇ ਸੰਭਾਵਿਤ ਪਹਿਲੂਆਂ ਦੀ ਜਾਂਚ ਕਰ ਰਹੀ ਹੈ।

# 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਵਿਸ਼ੇਸ਼ ਜਾਂਚ ਟੀਮ ਵਲੋਂ ਜਾਂਚ ਤੇਜ

## ਡੀ ਆਈ ਜੀ ਨਾਨਕ ਸਿੰਘ ਦੀ ਅਗਵਾਈ ਹੇਠ ਪਹੁੰਚੀ ਅੰਮ੍ਰਿਤਸਰ ਟੀਮ

**ਚੰਡੀਗੜ੍ਹ,** 328 ਪਾਵਨ ਸਰੂਪਾਂ ਨਾਲ ਸਬੰਧਤ ਮਾਮਲੇ ਦੀ ਜਾਂਚ ਲਈ ਗਠਿਤ ਕੀਤੀ ਗਈ ਵਿਸ਼ੇਸ਼ ਜਾਂਚ ਟੀਮ ਵਲੋਂ ਡੀ ਆਈ ਜੀ ਨਾਨਕ ਸਿੰਘ ਦੀ ਅਗਵਾਈ ਹੇਠ ਅੰਮ੍ਰਿਤਸਰ ਪਹੁੰਚ ਕੇ ਜਾਂਚ ਤੇਜ ਕਰ ਦਿੱਤੀ ਹੈ।

ਵਿਸ਼ੇਸ਼ ਜਾਂਚ ਟੀਮ ਵੱਲੋਂ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਦੇ ਨਾਲ ਸਥਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦਾ ਦੌਰਾ ਕਰਕੇ ਪਾਵਨ ਸਰੂਪਾਂ ਦੀ ਛਪਾਈ, ਸੰਭਾਲ ਅਤੇ ਵੰਡ ਨਾਲ ਸਬੰਧਤ ਪੂਰੇ ਪ੍ਰਬੰਧ ਦਾ ਜਾਇਜ਼ਾ ਲਿਆ ਗਿਆ। ਇਸ ਜਾਂਚ ਦੌਰਾਨ ਟੀਮ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਦੀ ਪ੍ਰਕਿਰਿਆ, ਸੰਭਾਲ, ਭੇਟ ਪ੍ਰਾਪਤ ਕਰਨ ਦੇ ਤਰੀਕੇ ਅਤੇ ਸਰੂਪਾਂ ਦੀ ਵੰਡ ਨਾਲ ਜੁੜੇ ਹਰ ਪੱਖ ਦੀ ਜਾਂਚ ਕੀਤੀ।

ਡੀ ਆਈ ਜੀ ਨਾਨਕ ਸਿੰਘ ਨੇ ਦੱਸਿਆ ਕਿ ਜਾਂਚ ਦੌਰਾਨ ਮੌਜੂਦਾ ਐਸਜੀਪੀਸੀ ਅਹੁਦੇਦਾਰਾਂ ਨਾਲ ਵਿਸਤ੍ਰਿਤ ਵਿਚਾਰ-ਵਟਾਂਦਰਾ ਕੀਤਾ ਗਿਆ। ਟੀਮ ਨੇ ਛਪਾਈ ਪ੍ਰਕਿਰਿਆ, ਛਪਾਈ ਤੋਂ ਬਾਅਦ



ਸਟੋਰੇਜ ਪ੍ਰਬੰਧਾਂ ਅਤੇ ਸਰੂਪਾਂ ਦੀ ਵੰਡ ਲਈ ਅਪਣਾਈ ਗਈ ਪ੍ਰਕਿਰਿਆ ਦਾ ਨਿਰੀਖਣ ਕੀਤਾ। ਇਸ ਤੋਂ ਇਲਾਵਾ, ਭੇਟਾਂ ਜਮ੍ਹਾਂ ਕਰਨ ਅਤੇ ਰਿਕਾਰਡ-ਰੱਖਣ ਸੰਬੰਧੀ ਪੂਰੀ ਪ੍ਰਣਾਲੀ ਦਾ ਨਿਰੀਖਣ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਦਰਜ ਐਫ ਆਈ ਆਰ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਵਿਅਕਤੀਆਂ ਤੋਂ ਪਹਿਲਾਂ ਹੀ ਪੁੱਛਗਿੱਛ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ, ਉਸ ਸਮੇਂ ਦੇ ਅਹੁਦੇਦਾਰਾਂ ਅਤੇ ਮੌਜੂਦਾ ਅਧਿਕਾਰੀਆਂ ਨਾਲ ਰਸਮੀ ਅਤੇ ਗੈਰ-ਰਸਮੀ ਦੋਵੇਂ ਤਰ੍ਹਾਂ ਦੀਆਂ ਚਰਚਾਵਾਂ ਕੀਤੀਆਂ ਗਈਆਂ ਹਨ। ਜਾਂਚ ਦੇ ਹਰ ਪਹਿਲੂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

ਡੀਆਈਜੀ ਨਾਨਕ ਸਿੰਘ ਨੇ ਕਿਹਾ ਕਿ ਐਸ ਜੀ ਪੀ ਸੀ ਐਸਆਈਟੀ ਦੁਆਰਾ ਮੰਗੇ ਗਏ ਰਿਕਾਰਡ ਪ੍ਰਦਾਨ ਕਰ ਰਹੀ ਹੈ। ਪੁਰਾਣੇ ਰਜਿਸਟਰ ਅਤੇ ਹੋਰ ਦਸਤਾਵੇਜ਼ ਜਾਂਚ ਟੀਮ ਨੂੰ ਸੌਂਪ ਦਿੱਤੇ ਗਏ ਹਨ, ਅਤੇ ਲੋੜ ਅਨੁਸਾਰ ਹੋਰ ਰਿਕਾਰਡ ਉਪਲਬਧ ਕਰਵਾਏ ਜਾ ਰਹੇ ਹਨ। ਇਨ੍ਹਾਂ ਰਿਕਾਰਡਾਂ ਦੇ ਆਧਾਰ ਤੇ ਜਾਂਚ ਅੱਗੇ ਵਧ ਰਹੀ ਹੈ।

Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਰਿਟਾਇਰਡ ARTO ਦੇ ਘਰੋਂ ਮਿਲਿਆ ਕਰੋੜਾਂ ਦਾ ਸੋਨਾ ਅਤੇ ਨਕਦੀ



**ਲਖਨਊ :** ਉੱਤਰ ਪ੍ਰਦੇਸ਼ ਵਿੱਚ ਵਿਜੀਲੈਂਸ ਵਿਭਾਗ ਨੇ ਸੇਵਾਮੁਕਤ ਸਹਾਇਕ ਖੇਤਰੀ ਆਵਾਜਾਈ ਅਧਿਕਾਰੀ (ਏ.ਆਰ.ਟੀ.ਓ.) ਲਲਿਤ ਕੁਮਾਰ ਦੇ ਲਖਨਊ ਸਥਿਤ ਘਰ 'ਤੇ ਛਾਪਾ ਮਾਰਿਆ । 26 ਘੰਟੇ ਚੱਲੀ ਇਸ ਛਾਪੇਮਾਰੀ ਦੌਰਾਨ, ਲਲਿਤ ਕੁਮਾਰ ਦੇ ਲਖਨਊ ਸਥਿਤ ਘਰ ਤੋਂ 13 ਕਿਲੋ ਸੋਨਾ, 9 ਕਿਲੋ ਚਾਂਦੀ ਅਤੇ ਅੰਦਾਜ਼ਨ 20 ਕਰੋੜ ਰੁਪਏ ਦੇ ਹੀਰੇ ਦੇ ਗਹਿਣੇ ਬਰਾਮਦ ਕੀਤੇ ਗਏ। ਤਲਾਸ਼ੀ ਦੌਰਾਨ, ਟੀਮ ਨੂੰ ਲਗਭਗ 1.62 ਕਰੋੜ ਰੁਪਏ ਦੀ ਨਕਦੀ ਵੀ ਮਿਲੀ, ਜੋ ਉਸ ਨੇ ਕੰਧਾਂ ਅਤੇ ਵੱਖ-ਵੱਖ ਕਮਰਿਆਂ ਵਿੱਚ ਪੈਕੇਟਾਂ ਵਿੱਚ ਲੁਕਾਈ ਹੋਈ ਸੀ । 15 ਥਾਵਾਂ 'ਤੇ ਘਰਾਂ, ਫਲੈਟਾਂ ਅਤੇ ਖੇਤੀਬਾੜੀ ਜ਼ਮੀਨ ਦੇ ਦਸਤਾਵੇਜ਼ ਵੀ ਮਿਲੇ । ਵਿਜੀਲੈਂਸ ਵਿਭਾਗ ਨੇ ਬਰਾਮਦ ਕੀਤੀ ਗਈ ਜਾਇਦਾਦ ਦੀ ਕੁੱਲ ਕੀਮਤ ਲਗਭਗ 35 ਕਰੋੜ ਰੁਪਏ ਹੋਣ ਦਾ ਅਨੁਮਾਨ ਲਗਾਇਆ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਨਕੋਦਰ ਵਿਚ ਦੋ ਸਕੂਲੀ ਬੱਸਾਂ ਦੀ ਆਪਸ ਵਿਚ ਹੋਈ ਟੱਕਰ, ਟੱਕਰ ਤੋਂ ਬਾਅਦ ਬੱਸ ਪਲਟੀ

**ਨਕੋਦਰ।** ਅੱਜ ਸਵੇਰੇ ਜਲੰਧਰ ਦੇ ਨਕੋਦਰ ਨੇੜੇ ਦੋ ਸਕੂਲੀ ਬੱਸਾਂ ਦੀ ਟੱਕਰ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਇੱਕ ਬੱਸ ਨੇ ਆਪਣਾ ਕੰਟਰੋਲ ਗੁਆ ਦਿੱਤਾ ਅਤੇ ਸੜਕ ਕਿਨਾਰੇ ਪਲਟ ਗਈ। ਖੁਸ਼ਕਿਸਮਤੀ ਨਾਲ, ਉਸ ਸਮੇਂ ਦੋਵਾਂ ਬੱਸਾਂ ਵਿੱਚ ਕੋਈ ਵੀ ਵਿਦਿਆਰਥੀ ਸਵਾਰ ਨਹੀਂ ਸੀ, ਜਿਸ ਕਾਰਨ ਵੱਡਾ ਹਾਦਸਾ ਹੋਣੋ ਟਲ ਗਿਆ। ਡਰਾਈਵਰ ਅਤੇ ਕੰਡਕਟਰ ਦੋਵੇਂ ਸੁਰੱਖਿਅਤ ਹਨ; ਸਥਾਨਕ ਲੋਕਾਂ ਨੇ ਉਨ੍ਹਾਂ ਨੂੰ ਬੱਸਾਂ ਵਿੱਚੋਂ ਬਾਹਰ ਕੱਢਿਆ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕੈਂਬਰਿਜ ਸਕੂਲ ਬੱਸ ਆਪਣਾ ਸੰਤੁਲਨ ਗੁਆ ਬੈਠੀ ਅਤੇ ਸੜਕ ਦੇ ਕਿਨਾਰੇ ਪਲਟ ਗਈ। ਬੱਸ ਦਾ ਅਗਲਾ ਅਤੇ ਪਿਛਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ, ਜਿਸ ਕਾਰਨ ਵਾਹਨ ਨੂੰ ਕਾਫ਼ੀ ਨੁਕਸਾਨ



ਪਹੁੰਚਿਆ। ਰਾਹਤ ਦੀ ਗੱਲ ਰਹੀ ਕਿ ਹਾਦਸੇ ਸਮੇਂ ਦੋਵਾਂ ਬੱਸਾਂ ਵਿੱਚ ਕੋਈ ਵੀ ਸਕੂਲੀ ਬੱਚਾ ਮੌਜੂਦ ਨਹੀਂ ਸੀ। ਦੋਵੇਂ ਬੱਸਾਂ ਵਿਦਿਆਰਥੀਆਂ ਨੂੰ ਲੈਣ ਲਈ ਜਾ ਰਹੀਆਂ ਸਨ। ਹਾਦਸੇ ਦੀ ਆਵਾਜ਼ ਸੁਣਦਿਆਂ ਹੀ, ਵੱਡੀ ਗਿਣਤੀ ਵਿੱਚ ਸਥਾਨਕ ਲੋਕ ਅਤੇ ਰਾਹਗੀਰ ਮੌਕੇ 'ਤੇ ਪਹੁੰਚੇ। ਪਿੰਡ ਵਾਸੀਆਂ ਨੇ ਤੁਰੰਤ ਕਾਰਵਾਈ ਕਰਦੇ ਹੋਏ, ਡਰਾਈਵਰ ਅਤੇ ਕਲੀਨਰ ਨੂੰ ਸੁਰੱਖਿਅਤ ਬਾਹਰ ਕੱਢ ਲਿਆ, ਜੋ ਹਾਦਸਾਗ੍ਰਸਤ ਬੱਸ ਦੇ ਅੰਦਰ ਫਸੇ ਹੋਏ ਸਨ। ਦੋਵੇਂ ਪੂਰੀ ਤਰ੍ਹਾਂ ਸੁਰੱਖਿਅਤ ਹਨ ਅਤੇ ਉਨ੍ਹਾਂ ਨੂੰ ਕੋਈ ਗੰਭੀਰ ਸੱਟਾਂ ਨਹੀਂ ਲੱਗੀਆਂ। ਘਟਨਾ ਦੀ ਸੂਚਨਾ ਮਿਲਦੇ ਹੀ, ਸਦਰ ਪੁਲਿਸ ਸਟੇਸ਼ਨ ਦੇ ਸਟੇਸ਼ਨ ਹਾਊਸ ਅਫਸਰ (ਐਸਐਚਓ) ਪਲਵਿੰਦਰ ਸਿੰਘ ਪੁਲਿਸ ਟੀਮ ਨਾਲ ਮੌਕੇ 'ਤੇ ਪਹੁੰਚੇ। ਪੁਲਿਸ ਨੇ ਮੌਕੇ ਦਾ ਮੁਆਇਨਾ ਕੀਤਾ ਅਤੇ ਨੁਕਸਾਨੇ ਗਏ ਵਾਹਨਾਂ ਨੂੰ ਸੜਕ ਤੋਂ ਹਟਾਇਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ; ਜੇਕਰ ਜਾਂਚ ਦੌਰਾਨ ਲਾਪਰਵਾਹੀ ਸਾਹਮਣੇ ਆਈ ਤਾਂ ਸਬੰਧਤ ਵਿਅਕਤੀ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

## ਅੰਮ੍ਰਿਤਸਰ ਕਾਊਂਟਰ ਇੰਟੈਲੀਜੈਂਸ ਨੇ 3 ਮੁਲਜ਼ਮਾਂ ਨੂੰ ਹਥਿਆਰਾਂ ਸਣੇ ਕੀਤਾ ਗ੍ਰਿਫ਼ਤਾਰ




**ਮੁਲਜ਼ਮਾਂ ਕੋਲੋਂ 6 ਹੈਂਡ ਗ੍ਰਨੇਡ ਅਤੇ 12 ਪਿਸਤੌਲ ਬਰਾਮਦ**

**ਅੰਮ੍ਰਿਤਸਰ :** ਅੰਮ੍ਰਿਤਸਰ ਵਿੱਚ ਕਾਊਂਟਰ ਇੰਟੈਲੀਜੈਂਸ ਨੂੰ ਇੱਕ ਵੱਡੀ ਕਾਮਯਾਬੀ ਮਿਲੀ ਹੈ । ਪੁਲਿਸ ਨੇ ਗੈਰ-ਕਾਨੂੰਨੀ ਹਥਿਆਰਾਂ ਅਤੇ ਵਿਸਫੋਟਕਾਂ ਦੀ ਤਸਕਰੀ ਕਰਨ ਵਾਲੇ ਇੱਕ ਮਾਡਿਊਲ ਦਾ ਪਰਦਾਫਾਸ਼ ਕਰਦੇ ਹੋਏ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ । ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 6 ਹੈਂਡ ਗ੍ਰਨੇਡ ਅਤੇ 12 ਪਿਸਤੌਲ ਬਰਾਮਦ ਕੀਤੇ ਗਏ ਹਨ।ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਵਿਦੇਸ਼ ਵਿੱਚ ਬੈਠੇ ਇੱਕ ਤਸਕਰ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਜਾਂਚ ਮੁਤਾਬਕ ਇਸ ਪੂਰੇ ਨੈੱਟਵਰਕ ਨੂੰ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐੱਸ.ਆਈ. ਅਤੇ ਵਿਦੇਸ਼ਾਂ ਵਿੱਚ ਸਰਗਰਮ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਆਪਰੇਟਿਵਜ਼ ਦਾ ਸਮਰਥਨ ਹਾਸਲ ਸੀ।ਪੁਲਿਸ ਅਨੁਸਾਰ ਇਹ ਹਥਿਆਰਾਂ ਅਤੇ ਵਿਸਫੋਟਕਾਂ ਦੀ ਖੇਪ ਪੰਜਾਬ ਵਿੱਚ ਅਮਨ-ਕਾਨੂੰਨ ਵਿਵਸਥਾ ਨੂੰ ਖ਼ਰਾਬ ਕਰਨ ਅਤੇ ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਕਰਨ ਦੇ ਮਕਸਦ ਨਾਲ ਮੰਗਵਾਈ ਗਈ ਸੀ। ਸਮੇਂ ਸਿਰ ਕੀਤੀ ਗਈ ਕਾਰਵਾਈ ਨਾਲ ਪੁਲਿਸ ਨੇ ਇੱਕ ਵੱਡੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ। ਇਸ ਮਾਮਲੇ ਵਿੱਚ ਅੰਮ੍ਰਿਤਸਰ ਦੇ ਸਟੇਟ ਸਪੈਸ਼ਲ ਆਪਰੇਸ਼ਨ ਸੈੱਲ (ਐੱਸ.ਐੱਸ.ਓ.ਸੀ.) ਥਾਣੇ ਵਿੱਚ ਆਰਮਜ਼ ਐਕਟ, ਵਿਸਫੋਟਕ ਪਦਾਰਥ ਐਕਟ ਅਤੇ ਭਾਰਤੀ ਨਿਆਂ ਸੰਹਿਤਾ (ਬੀ.ਐੱਨ.ਐੱਸ.) ਦੀਆਂ ਸੰਬੰਧਿਤ ਧਾਰਾਵਾਂ ਤਹਿਤ ਐੱਫ.ਆਈ.ਆਰ. ਦਰਜ ਕੀਤੀ ਗਈ ਹੈ। ਫਿਲਹਾਲ ਪੁਲਿਸ ਇਸ ਨੈੱਟਵਰਕ ਦੀਆਂ ਅੱਗੇ ਅਤੇ ਪਿੱਛੇ ਦੀਆਂ ਕੜੀਆਂ ਜੋੜਨ, ਹੋਰ ਸਾਥੀਆਂ ਦੀ ਪਛਾਣ ਕਰਨ ਅਤੇ ਪੂਰੇ ਮਾਡਿਊਲ ਦਾ ਪਰਦਾਫਾਸ਼ ਕਰਨ ਲਈ ਜਾਂਚ ਕਰ ਰਹੀ ਹੈ।

## ਪ੍ਰਸਿੱਧ ਕਬੱਡੀ ਖਿਡਾਰੀ ਗੋਪੀ ਧੂੜਕੋਟ ਦਾ ਦੇਹਾਂਤ, ਪਿਛਲੇ ਸਮੇਂ ਤੋਂ ਚੱਲ ਰਹੇ ਸਨ ਬਿਮਾਰ

ਖੇਡ ਜਗਤ ਤੋਂ ਇਸ ਵੇਲੇ ਦੀ ਦੁਖਦਾਈ ਖਬਰ ਸਾਹਮਣੇ ਆ ਰਹੀ ਹੈ। ਪ੍ਰਸਿੱਧ ਕਬੱਡੀ ਖਿਡਾਰੀ ਗੋਪੀ ਧੂੜਕੋਟ ਦਾ ਦੇਹਾਂਤ ਹੋ ਗਿਆ ਹੈ। ਗੋਪੀ ਮੋਗਾ ਜ਼ਿਲ੍ਹੇ ਦੇ ਪਿੰਡ ਧੂੜਕੋਟ ਰਣਸੀਂਹ ਨਾਲ ਸਬੰਧਿਤ ਸੀ। ਜਾਣਕਾਰੀ ਅਨੁਸਾਰ ਕਬੱਡੀ ਦੇ ਧਾਕੜ ਖਿਡਾਰੀ ਗੋਪੀ ਧੂੜਕੋਟ ਪਿਛਲੇ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਉਹ ਲੁਧਿਆਣਾ ਦੇ ਇਕ ਨਿੱਜੀ ਹਸਪਤਾਲ ਵਿਚ ਜ਼ਿੰਦਗੀ ਅਤੇ ਮੌਤ ਨਾਲ ਲੜਦੇ ਹੋਏ ਅੱਜ ਦਮ ਤੋੜ ਗਏ। ਗੋਪੀ ਧੂੜਕੋਟ ਦੀ ਮੌਤ ਦਾ ਜਿਉਂ ਹੀ ਪਤਾ ਲੱਗਾ ਤਾਂ ਇਲਾਕੇ ਅਤੇ ਖੇਡ ਜਗਤ ਵਿਚ ਸੋਗ ਦੀ ਲਹਿਰ ਪਸਰ ਗਈ। ਗੋਪੀ ਧੂੜਕੋਟ ਨੇ ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਸਮੇਤ ਕਈ ਦੇਸ਼ਾਂ ਵਿੱਚ ਆਪਣੀ ਖੇਡ ਦਾ ਲੋਹਾ ਮਨਵਾਇਆ। ਉਨ੍ਹਾਂ ਦੇ ਦੇਹਾਂਤ 'ਤੇ ਖੇਡ ਪ੍ਰੇਮੀਆਂ ਅਤੇ ਕਬੱਡੀ ਜਗਤ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਅੰਤਿਮ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਧੂੜਕੋਟ ਰਣਸੀਂਹ ਵਿਖੇ ਕੀਤਾ ਜਾਵੇਗਾ।



SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਕਪੂਰਥਲਾ ਨਗਰ ਨਿਗਮ ਦੇ ਮੇਅਰ ਚੋਣ ਵਿੱਚ ਵੱਡਾ ਸਿਆਸੀ ਉਲਟਫੇਰ

**● ਕਾਂਗਰਸ ਦੀ ਟਿਕਟ ਤੇ ਜਿੱਤੇ ਹੋਏ ਬਾਗੀ ● ਕੌਂਸਲਰ ਨਰਿੰਦਰ ਸਿੰਘ ਮੰਨਸੂ ਬਣੇ ਮੇਅਰ ● ਆਪ ਕੌਂਸਲਰ ਸਮੀਰ ਸ਼ਰਮਾ ਨੂੰ ਸੀਨੀਅਰ ਡਿਪਟੀ ਮੇਅਰ ਅਤੇ ਕਾਂਗਰਸੀ ਕੌਂਸਲਰ ਕਾਮਾਕਸ਼ੀ ਦੁੱਗਲ ਡਿਪਟੀ ਮੇਅਰ ਚੁਣੇ ਗਏ**

**ਕਪੂਰਥਲਾ, 8 ਜੁਲਾਈ (ਕੌੜਾ )–** ਕਪੂਰਥਲਾ ਨਗਰ ਨਿਗਮ ਦੇ ਮੇਅਰ ਦੀ ਚੋਣ ਵਿੱਚ ਬੁੱਧਵਾਰ ਨੂੰ ਵੱਡਾ ਸਿਆਸੀ ਉਲਟਫੇਰ ਦੇਖਣ ਨੂੰ ਮਿਲਿਆ । ਸੱਤਾਧਾਰੀ ਆਮ ਆਦਮੀ ਪਾਰਟੀ ਦੇ ਸਮਰਥਨ ਨਾਲ ਕਾਂਗਰਸੀ ਕੌਂਸਲਰ ਨਰਿੰਦਰ ਸਿੰਘ ਮੰਨਸੂ ਨੂੰ ਮੇਅਰ ਚੁਣਿਆ ਗਿਆ । ਇਸ ਦੇ ਨਾਲ ਹੀ ਆਪ ਕੌਂਸਲਰ ਸਮੀਰ ਸ਼ਰਮਾ ਨੂੰ ਸੀਨੀਅਰ ਡਿਪਟੀ ਮੇਅਰ ਅਤੇ ਕਾਂਗਰਸੀ ਕੌਂਸਲਰ ਕਾਮਾਕਸ਼ੀ ਦੁੱਗਲ ਨੂੰ ਡਿਪਟੀ ਮੇਅਰ ਚੁਣੇ ਜਾਣ ਦਾ ਦਾਅਵਾ ਕੀਤਾ ਗਿਆ । ਇਸ ਨਤੀਜੇ ਤੋਂ ਬਾਅਦ ਸ਼ਹਿਰ ਦੀ ਸਿਆਸਤ ਵਿੱਚ ਹਲਚਲ ਤੇਜ਼ ਹੋ ਗਈ ਹੈ। ਚਰਚਾ ਇਹ ਵੀ ਹੈ ਕਿ ਰਾਣਾ ਦੇ ਕਰੀਬੀ ਮੰਨੇ ਜਾਂਦੇ ਬਾਗੀ ਕੌਂਸਲਰਾਂ ਨੇ ਹੀ ਰਾਣਾ ਦੇ ਕਿਲ੍ਹੇ ਵਿੱਚ ਸੰਨ੍ਹ ਲਗਾ ਕੇ ਵਿਧਾਇਕ ਰਾਣਾ ਗੁਰਜੀਤ ਸਿੰਘ ਨੂੰ ਵੱਡਾ ਸਿਆਸੀ ਝਟਕਾ ਦਿੱਤਾ ਹੈ । ਦੱਸਣਯੋਗ ਹੈ ਕਿ ਨਗਰ ਨਿਗਮ ਚੋਣਾਂ ਵਿੱਚ 50 ਵਿੱਚੋਂ 32 ਸੀਟਾਂ ਜਿੱਤ ਕੇ ਕਾਂਗਰਸ ਨੇ ਸਪੱਸ਼ਟ ਬਹੁਮਤ ਹਾਸਲ ਕੀਤਾ ਸੀ । ਇਸ ਦੇ ਬਾਵਜੂਦ ਮੇਅਰ ਚੋਣ ਤੋਂ ਪਹਿਲਾਂ ਕੌਂਸਲਰਾਂ ਦੀ ਤੋੜ-ਫੋੜ ਅਤੇ ਜੋੜ-ਤੋੜ ਨੂੰ ਲੈ ਕੇ ਲਗਾਤਾਰ ਚਰਚਾਵਾਂ ਚੱਲਦੀਆਂ ਰਹੀਆਂ। ਇਸੇ ਦੌਰਾਨ ਆਮ ਆਦਮੀ




ਪਾਰਟੀ ਅਤੇ ਕਾਂਗਰਸ ਦੇ ਬਾਗੀ ਕੌਂਸਲਰਾਂ ਦੇ ਸਮਰਥਨ ਨਾਲ ਨਰਿੰਦਰ ਸਿੰਘ ਮੰਨਸੂ ਦੇ ਮੇਅਰ ਬਣਨ ਦਾ ਦਾਅਵਾ ਕੀਤਾ ਗਿਆ, ਜਿਸ ਨੂੰ ਵਿਧਾਇਕ ਰਾਣਾ ਗੁਰਜੀਤ ਸਿੰਘ ਦੇ ਧੜੇ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ । ਚੋਣ ਤੋਂ ਬਾਅਦ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਪੂਰੀ ਚੋਣ ਪ੍ਰਕਿਰਿਆ 'ਤੇ ਗੰਭੀਰ ਸਵਾਲ ਚੁੱਕਦਿਆਂ ਇਸ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ । ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ 26 ਕੌਂਸਲਰਾਂ ਦੇ ਨਾਲ ਆਪਣੀ ਇੱਕ ਵੋਟ ਮਿਲਾ ਕੇ ਕੁੱਲ 27 ਵੋਟਾਂ ਸਨ, ਜਦਕਿ ਦੂਜੇ ਪਾਸੇ ਸਿਰਫ਼ 24 ਕੌਂਸਲਰ ਹੋਣ ਦੇ ਬਾਵਜੂਦ ਮੇਅਰ ਚੁਣੇ ਜਾਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਰਾਣਾ ਨੇ ਆਪਣੇ ਸਮਰਥਕ ਕੌਂਸਲਰਾਂ ਨੂੰ ਮੀਡੀਆ ਸਾਹਮਣੇ ਖੜ੍ਹਾ ਕਰਕੇ ਗਿਣਤੀ ਵੀ ਦਿਖਾਈ ਅਤੇ ਕਿਹਾ ਕਿ ਉਹ ਇਸ ਪੂਰੇ ਮਾਮਲੇ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣਗੇ ।

ਦੂਜੇ ਪਾਸੇ ਨਵ-ਨਿਯੁਕਤ ਮੇਅਰ ਨਰਿੰਦਰ ਸਿੰਘ ਮੰਨਸੂ ਨੇ ਆਮ ਆਦਮੀ ਪਾਰਟੀ ਅਤੇ ਹੋਰ ਵਿਰੋਧੀ ਕੌਂਸਲਰਾਂ ਦੇ ਸਹਿਯੋਗ ਲਈ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਹਿਲੀ ਤਰਜੀਹ ਕਪੂਰਥਲਾ ਸ਼ਹਿਰ ਦਾ ਵਿਕਾਸ ਹੋਵੇਗੀ । ਉਨ੍ਹਾਂ ਭਰੋਸਾ ਦਿੱਤਾ ਕਿ ਨਗਰ ਨਿਗਮ ਵਿੱਚ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਅੱਗੇ ਵਧਾਇਆ ਜਾਵੇਗਾ । ਮੇਅਰ ਚੋਣ ਦੇ ਨਤੀਜਿਆਂ ਤੋਂ ਬਾਅਦ ਕਪੂਰਥਲਾ ਦੀ ਸਿਆਸਤ ਵਿੱਚ ਨਵੇਂ ਸਿਆਸੀ ਸਮੀਕਰਨ ਉਭਰ ਕੇ ਸਾਹਮਣੇ ਆਏ ਹਨ । ਹੁਣ ਸਭ ਦੀਆਂ ਨਜ਼ਰਾਂ ਵਿਧਾਇਕ ਰਾਣਾ ਗੁਰਜੀਤ ਸਿੰਘ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਕੀਤੀ ਜਾਣ ਵਾਲੀ ਸੰਭਾਵੀ ਪਟੀਸ਼ਨ ਅਤੇ ਉਸ ਤੋਂ ਬਾਅਦ ਹੋਣ ਵਾਲੇ ਘਟਨਾਕ੍ਰਮ 'ਤੇ ਟਿਕੀਆਂ ਹੋਈਆਂ ਹਨ ।

# ਹਲਕਾ ਬਲਾਚੌਰ ਦੇ ਤੂਫ਼ਾਨੀ ਦੌਰੇ 'ਤੇ ਵਿਧਾਇਕਾ ਸੰਤੋਸ਼ ਕਟਾਰੀਆ; ਲੋਕਾਂ ਦੀਆਂ ਸਮੱਸਿਆਵਾਂ ਮੌਕੇ 'ਤੇ ਸੁਣ ਕੇ ਜਲਦ ਹੱਲ ਕਰਨ ਦਾ ਦਿੱਤਾ ਭਰੋਸਾ

**ਬਲਾਚੌਰ, 8 ਜੁਲਾਈ ( ਜਤਿੰਦਰ ਪਾਲ ਸਿੰਘ ਕਲੇਰ ):** ਵਿਧਾਨ ਸਭਾ ਹਲਕਾ ਬਲਾਚੌਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕਾ ਸ਼੍ਰੀਮਤੀ ਸੰਤੋਸ਼ ਕਟਾਰੀਆ ਅਤੇ ਸੀਨੀਅਰ 'ਆਪ' ਆਗੂ ਅਸ਼ੋਕ ਕਟਾਰੀਆ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਦਾ ਤੂਫ਼ਾਨੀ ਦੌਰਾ ਕਰਕੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਵੱਲੋਂ ਪਿੰਡ ਸਾਂਹਦੜਾ, ਕਰਾਵਰ ਅਤੇ ਗੁਲਪੁਰ ਵਿਖੇ ਵਿਸ਼ੇਸ਼ 'ਲੋਕ ਮਿਲਣੀ' ਪ੍ਰੋਗਰਾਮਾਂ ਤਹਿਤ ਪਿੰਡ ਵਾਸੀਆਂ ਨਾਲ ਅਹਿਮ ਮੁਲਾਕਾਤ ਕੀਤੀ ਗਈ। ਇਸ ਮਿਲਣੀ ਦੌਰਾਨ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਨੇ ਭਾਰੀ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪਣੀਆਂ ਸਮੱਸਿਆਵਾਂ ਆਗੂਆਂ ਦੇ ਸਾਹਮਣੇ ਰੱਖੀਆਂ। 'ਲੋਕ ਮਿਲਣੀ' ਦੌਰਾਨ ਹਲਕਾ ਵਿਧਾਇਕਾ ਸ਼੍ਰੀਮਤੀ ਸੰਤੋਸ਼ ਕਟਾਰੀਆ ਨੇ ਪਿੰਡ ਵਾਸੀਆਂ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਦੇ ਕੰਮਾਂ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਪਿੰਡ ਵਾਸੀਆਂ ਨੇ ਆਪਣੀਆਂ ਮੁਸ਼ਕਿਲਾਂ, ਰੋਜ਼ਾਨਾ ਦੀਆਂ ਲੋੜਾਂ ਅਤੇ ਪਿੰਡਾਂ ਦੇ ਵਿਕਾਸ ਨਾਲ ਸਬੰਧਤ ਅਹਿਮ ਸੁਝਾਅ ਪੇਸ਼ ਕੀਤੇ, ਜਿਨ੍ਹਾਂ ਨੂੰ ਹਲਕਾ ਵਿਧਾਇਕਾ ਨੇ ਬਹੁਤ ਧਿਆਨ ਨਾਲ ਸੁਣਿਆ ਅਤੇ ਪਹਿਲ ਦੇ ਅਧਾਰ 'ਤੇ ਜਲਦੀ ਹੱਲ ਕਰਨ ਦਾ




ਪੱਕਾ ਭਰੋਸਾ ਦਿੱਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ 'ਆਪ' ਆਗੂਆਂ ਨੇ ਕਿਹਾ, "ਆਮ ਲੋਕਾਂ ਦੀਆਂ ਮੁਸ਼ਕਿਲਾਂ ਦਾ ਤੁਰੰਤ ਨਿਪਟਾਰਾ ਕਰਨਾ ਅਤੇ ਹਲਕੇ ਦਾ ਸਰਵਪੱਖੀ ਵਿਕਾਸ ਕਰਨਾ ਹੀ ਸਾਡੀ ਮੁੱਖ ਤਰਜੀਹ ਹੈ।" ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਨੇ ਮੁਫ਼ਤ ਬਿਜਲੀ, ਮਾਵਾਂ-ਧੀਆਂ ਸਤਿਕਾਰ ਯੋਜਨਾ, ਆਮ ਆਦਮੀ ਕਲੀਨਿਕ, ਸਿੱਖਿਆ ਵਿੱਚ ਸੁਧਾਰ ਅਤੇ ਆਟਾ-ਦਾਲ ਸਕੀਮ ਵਰਗੇ ਸਾਰੇ ਚੋਣ ਵਾਅਦਿਆਂ ਨੂੰ ਹਕੀਕਤ ਵਿੱਚ ਬਦਲ ਕੇ ਦਿਖਾਇਆ ਹੈ। ਇਸ ਦੌਰਾਨ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਵੱਲੋਂ ਹਲਕਾ ਵਿਧਾਇਕਾ ਅਤੇ ਪਹੁੰਚੇ ਹੋਏ ਮੋਹਤਬਰ ਵਿਅਕਤੀਆਂ ਦਾ ਸਿਰੋਪਾਓ ਭੇਂਟ ਕਰਕੇ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਹਾਜ਼ਰ ਪ੍ਰਮੁੱਖ ਸ਼ਖਸੀਅਤਾਂ ਪਿੰਡ ਸਾਹਦੜਾ ਤੋਂ ਸੁਰਿੰਦਰ ਸਿੰਘ ਸਰਪੰਚ, ਕੈਪਟਨ ਸੁਰਿੰਦਰ ਸਿੰਘ, ਡੈਨੀ ਸਾਹਦੜਾ, ਅਮਰੀਕ ਸਿੰਘ, ਰਾਜਵਿੰਦਰ ਕੌਰ ਬਲਾਕ ਸੰਮਤੀ ਮੈਂਬਰ ਅਤੇ ਜਸਪ੍ਰੀਤ ਸਿੰਘ। ਪਿੰਡ ਗੁਲਪੁਰ ਤੋਂ ਸਰਪੰਚ ਕਸ਼ਮੀਰ ਸਿੰਘ, ਕੈਪਟਨ ਅਮਰਜੀਤ ਸਿੰਘ, ਗੁਰਵਿੰਦਰ ਸਿੰਘ ਝੱਜ, ਯੁੱਧਵੀਰ ਸਿੰਘ, ਮਹਿੰਦਰ ਕੌਰ, ਜਸਵਿੰਦਰ ਕੌਰ ਅਤੇ ਗੁਰਦੀਪ ਸਿੰਘ। ਪਿੰਡ ਕਰਾਵਰ ਤੋਂ ਕਰਨੈਲ ਸਿੰਘ ਸਰਪੰਚ, ਕਰਮਪਾਲ ਸਿੰਘ,ਸਾਬਕਾ ਸਰਪੰਚ, ਪਰਮਜੀਤ ਸਿੰਘ, ਜੰਗ ਬਹਾਦਰ ਸਾਬਕਾ ਸਰਪੰਚ, ਰਾਜਕੁਮਾਰ, ਸਤਪਾਲ ਅਤੇ ਸੁਰਿੰਦਰ ਪਾਲ ਸਮੇਤ ਭਾਰੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

# BSNL ਐਕਸਚੇਂਜ ਵਿੱਚੋ ਲੱਖਾਂ ਦੀ ਚੋਰੀ ਕਰਨ ਵਾਲਾ ਦੋ ਮੈਂਬਰੀ ਗਰੋਹ ਪੁਲਿਸ ਵੱਲੋਂ ਕਾਬੂ

**ਅਮਰਗੜ੍ਹ-8 ਜੁਲਾਈ(ਕੁਲਵੰਤ ਸਿੰਘ ਮੁਹਾਲੀ)** ਅਮਰਗੜ੍ਹ ਪੁਲਿਸ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਬੀ.ਐਸ.ਐਨ.ਐਲ. (ਭਸ਼ਂਲ਼) ਐਕਸਚੇਂਜ ਵਿੱਚੋਂ ਲੱਖਾਂ ਰੁਪਏ ਦੀਆਂ ਤਾਰਾਂ ਚੋਰੀ ਕਰਨ ਵਾਲੇ ਗਿਰੋਹ ਦੇ 2 ਮੈਂਬਰੀ ਚੋਰ ਗਰੋਹ ਨੂੰ ਕਾਬੂ ਕੀਤਾ ਗਿਆ ਜਿਨ੍ਹਾਂ ਕੋਲੋਂ 42 ਮੀਟਰ ਤਾਰ ਤਾਂਬਾ, ਸਕੂਟਰੀ ਅਤੇ ਚੋਰੀ ਕਰਨ ਲਈ ਵਰਤੋਂ ਚ ਆਉਣ ਵਾਲੇ ਸੰਦ ਬਰਾਮਦ ਕੀਤੇ ਗਏ ਹਨ। ਇਸ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਜ਼ਿਲ੍ਹਾ ਪੁਲਿਸ ਮੁਖੀ ਮਾਲੇਰਕੋਟਲਾ ਸ ਗੁਰਮੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਮਾਜ ਵਿਰੋਧੀ ਅਨਸਰਾਂ ਅਤੇ ਚੋਰਾਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਥਾਣਾ ਅਮਰਗੜ੍ਹ ਦੀ ਪੁਲਿਸ ਨੂੰ ਉਸ ਸਮੇਂ ਇੱਕ ਵੱਡੀ ਸਫਲਤਾ ਹਾਸਲ ਹੋਈ, ਜਦੋਂ ਮੁੱਖ ਅਫ਼ਸਰ ਥਾਣਾ (ਐਸ.ਐਚ.ਓ. ਜਗਸੀਰ ਸਿੰਘ) ਦੀ ਅਗਵਾਈ ਹੇਠ ਏ.ਐਸ.ਆਈ. ਵਿਕਰਮਜੀਤ ਸਿੰਘ ਨੇ ਸਮੇਤ ਪੁਲਿਸ ਟੀਮ ਮੁਖਬਰ ਖ਼ਾਸ ਅਤੇ ਖ਼ੁਫ਼ੀਆ ਸੋਰਸਾਂ ਦੀ ਮਦਦ ਨਾਲ ਬੀ.ਐਸ.ਐਨ.ਐਲ. ਐਕਸਚੇਂਜ ਵਿੱਚ ਹੋਈ ਲੱਖਾਂ ਰੁਪਏ ਦੀ ਚੋਰੀ ਦੀ ਗੁੱਥੀ ਨੂੰ ਸੁਲਝਾਉਂਦੇ ਹੋਏ ਦੋ ਸ਼ਾਤਰ ਚੋਰਾਂ ਨੂੰ ਕਾਬੂ ਕਰ ਲਿਆ। ਕੀ ਹੈ ਪੂਰਾ ਮਾਮਲਾ: ਬੀਤੀ ਮਿਤੀ 6 ਜੁਲਾਈ 2026 ਨੂੰ ਬਲਕਾਰ ਸਿੰਘ (ਇੰਜੀਨੀਅਰ, ਝਠੋਂ,



ਬੀ.ਐਸ.ਐਨ.ਐਲ. ਐਕਸਚੇਂਜ ਅਮਰਗੜ੍ਹ) ਨੇ ਥਾਣਾ ਅਮਰਗੜ੍ਹ ਵਿਖੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਅਮਰਗੜ੍ਹ ਐਕਸਚੇਂਜ ਵਿੱਚੋਂ ਕੁੱਝ ਚੋਰਾਂ ਵੱਲੋਂ ਮੇਨ ਤਾਰਾਂ ਚੋਰੀ ਕਰ ਲਈਆਂ ਗਈਆਂ ਹਨ, ਜਿਸ ਨਾਲ ਵਿਭਾਗ ਦਾ ਕਰੀਬ ਢਾਈ ਲੱਖ ਰੁਪਏ ਦਾ ਭਾਰੀ ਨੁਕਸਾਨ ਹੋਇਆ ਹੈ। ਪੁਲਿਸ ਵੱਲੋਂ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਤੁਰੰਤ ਮੁਕੱਦਮਾ ਦਰਜ ਕਰਕੇ ਤਫ਼ਤੀਸ਼ ਸ਼ੁਰੂ ਕੀਤੀ ਗਈ ਸੀ। ਪੁਲਿਸ ਦੀ ਕਾਰਵਾਈ ਅਤੇ ਗ੍ਰਿਫ਼ਤਾਰੀ: ਮਾਮਲੇ ਨੂੰ ਟ੍ਰੇਸ ਕਰਨ ਲਈ ਐਸ.ਐਚ.ਓ. ਜਗਸੀਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਾਰਵਾਈ ਕਰਦਿਆਂ ਏ.ਐਸ.ਆਈ. ਵਿਕਰਮਜੀਤ ਸਿੰਘ ਨੇ ਤੁਰੰਤ ਇਲਾਕੇ ਵਿੱਚ ਆਪਣੇ ਖ਼ੁਫ਼ੀਆ ਤੰਤਰ ਅਤੇ ਮੁਖਬਰਾਂ ਨੂੰ ਸਰਗਰਮ ਕੀਤਾ। ਪੁਲਿਸ ਟੀਮ ਵੱਲੋਂ ਮੁਸਤੈਦੀ ਨਾਲ ਕੀਤੀ ਗਈ ਨਾਕਾਬੰਦੀ ਅਤੇ ਛਾਪੇਮਾਰੀ ਦੌਰਾਨ ਦੋ ਦੋਸ਼ੀਆਂ ਨੂੰ ਕਾਬੂ ਕੀਤਾ ਗਿਆ, ਜਿਨ੍ਹਾਂ ਦੀ ਪਛਾਣ ਕਮਲਜੀਤ ਸਿੰਘ ਪੁੱਤਰ ਜਗਦੇਵ ਸਿੰਘ, ਵਾਸੀ ਕੰਗਨਵਾਲ ਸੰਦੀਪ ਸਿੰਘ ਪੁੱਤਰ ਸੁਖਵਿੰਦਰ ਸਿੰਘ, ਵਾਸੀ ਕੰਗਨਵਾਲ ਵਜੋਂ ਹੋਈ ਜਿਨ੍ਹਾਂ ਕੋਲੋਂ ਪੁਲਿਸ ਨੇ ਮੌਕੇ 'ਤੇ 42 ਮੀਟਰ ਚੋਰੀ ਕੀਤੀ ਹੋਈ ਤਾਰ ਤਾਂਬਾ (ਕਾਪਰ), ਵਾਰਦਾਤ ਵਿੱਚ ਵਰਤੀ ਗਈ ਸਕੂਟਰੀ ਅਤੇ ਤਾਰਾਂ ਕੱਟਣ/ਚੋਰੀ ਕਰਨ ਲਈ ਵਰਤੇ ਜਾਣ ਵਾਲੇ ਟੂਲ (ਸੰਦ) ਬਰਾਮਦ ਕੀਤੇ ਹਨ। ਪੁਲਿਸ ਵੱਲੋਂ ਕੀਤੀ ਗਈ ਮੁੱਢਲੀ ਪੁੱਛਗਿੱਛ ਦੌਰਾਨ ਦੋਸ਼ੀਆਂ ਨੇ ਮੰਨਿਆ ਹੈ ਕਿ ਉਹ ਇਲਾਕੇ ਵਿੱਚ ਸਰਗਰਮ ਸਨ ਅਤੇ ਉਨ੍ਹਾਂ ਨੇ ਇਸ ਚੋਰੀ ਤੋਂ ਇਲਾਵਾ ਇਲਾਕੇ ਵਿੱਚ 5-6 ਹੋਰ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਦੀ ਗੱਲ ਵੀ ਕਬੂਲ ਕੀਤੀ ਹੈ। ਮਾਮਲੇ ਦੀ ਅਗਲੇਰੀ ਤਫ਼ਤੀਸ਼ ਲਗਾਤਾਰ ਜਾਰੀ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਗੈਂਗ ਰੇਪ ਕਾਂਡ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ : ਢੋਸੀਵਾਲ

## ਟਰੱਸਟ ਆਗੂਆਂ ਵੱਲੋਂ ਘੋਰ ਨਿੰਦਾ

**ਫ਼ਰੀਦਕੋਟ (ਸ਼ਿਵਨਾਥ)** ਪਿਛਲੇ ਦਿਨੀਂ ਰਾਜਸਥਾਨ ਦੇ ਸ਼ਹਿਰ ਗੰਗਾਨਗਰ ਅੰਦਰ 13 ਸਾਲ ਦੀ ਮਾਸੂਮ ਬਾਲੜੀ ਨਾਲ ਲਗਾਤਾਰ ਪੰਜ ਦਿਨ 32 ਦਰਿੰਦਿਆਂ ਵੱਲੋਂ ਵੱਖ-ਵੱਖ ਹੋਟਲਾਂ ਵਿੱਚ ਗੈਂਗ ਰੇਪ (ਸਮੂਹਿਕ ਬਲਾਤਕਾਰ) ਕੀਤੇ ਜਾਣ ਦੀ ਮੰਦਭਾਗੀ ਘਟਨਾ ਵਾਪਰੀ ਸੀ। ਇਸ ਘਟਨਾ ਨਾਲ ਹਰ ਕਿਸੇ ਵਿਅਕਤੀ ਦਾ ਹਿਰਦਾ ਵਲੂੰਧਰਿਆ ਗਿਆ ਸੀ। ਗੈਂਗ ਰੇਪ ਦੀ ਸ਼ਿਕਾਰ ਉਕਤ ਬਦਕਿਸਮਤ ਬਾਲੜੀ ਹਸਪਤਾਲ ਵਿੱਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੀ ਹੈ। ਇਸ ਮੰਦਭਾਗੀ ਘਟਨਾ ਨਾਲ ਹਰ ਮਾਂ-ਬਾਪ ਦੇ ਦਿਲ ਵਿੱਚ ਸਹਿਮ ਪੈਦਾ ਹੋ ਗਿਆ ਹੈ। ਲਾਰਡ ਬੁੱਧਾ ਚੈਰੀਟੇਬਲ ਟਰੱਸਟ ਦੇ ਸੰਸਥਾਪਕ ਜਗਦੀਸ਼ ਰਾਏ ਢੋਸੀਵਾਲ, ਜਿਲ੍ਹਾ ਇਕਾਈ ਦੀ ਚੀਫ਼ ਪੈਟਰਨ ਹੀਰਾਵਤੀ, ਸੀਨੀਅਰ ਇਸਤਰੀ ਆਗੂ ਮੰਜੂ ਸੁਖੀਜਾ, ਰਵਿੰਦਰ ਕੌਰ, ਨਿਰਮਲਜੀਤ ਕੌਰ, ਮਨਜੀਤ ਕੌਰ,ਚੇਅਰਮੈਨ ਡਾ. ਹਰਪਾਲ ਸਿੰਘ, ਜਿਲ੍ਹਾ ਪ੍ਰਧਾਨ ਡੀ.ਪੀ.ਐੱਸ. ਭੋਲਾ ਗਰੇਵਾਲ, ਸੀਨੀਅਰ ਮੀਤ ਪ੍ਰਧਾਨ ਇੰਸ. ਰਾਜੇਸ਼ ਕੁਮਾਰ ਬਾਰੋਲੀਆ, ਜਨਰਲ ਸਕੱਤਰ ਪ੍ਰੋ. ਮਲਕੀਤ ਸਿੰਘ ਮੰਮਨ, ਚੀਫ਼ ਐਡਵਾਇਜ਼ਰ ਸ੍ਰੀ ਕ੍ਰਿਸ਼ਨ ਆਰ.ਏ., ਨਿਰਮਲ ਸਿੰਘ ਸੰਧੂ, ਗੋਬਿੰਦ ਕੁਮਾਰ, ਪ੍ਰੈਸ ਸਕੱਤਰ ਕੇ.ਪੀ. ਸਰਾਂ, ਸਹਾਇਕ ਪ੍ਰੈਸ ਸਕੱਤਰ ਸ਼ਿਵ ਨਾਥ ਦਰਦੀ, ਅਮਰਵੀਰ ਸਿੰਘ ਰਾਣਾ ਅਤੇ ਰਾਜੇਸ਼ ਸੁਖੀਜਾ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਉਕਤ ਮੰਦਭਾਗੀ ਘਟਨਾ ਦੀ ਪੁਰਜੋਰ ਨਿੰਦਾ ਕਰਦੇ ਹੋਏ ਇਸ ਨੂੰ ਮਾਨਵਤਾ 'ਤੇ ਕਲੰਕ ਕਰਾਰ ਦਿੱਤਾ ਹੈ। ਜਿਕਰਯੋਗ ਹੈ ਕਿ ਉਕਤ ਬਦਕਿਸਮਤੀ ਮਾਸੂਮ ਲੜਕੀ ਆਪਣੀ ਸਹੇਲੀ ਦੇ ਘਰੋਂ ਆਟੋ ਰਿਕਸ਼ਾ ਰਾਹੀਂ ਆਪਣੇ ਘਰ ਜਾ ਰਹੀ ਸੀ। ਆਟੋ ਰਿਕਸ਼ਾ ਵਾਲੇ ਨੇ ਸਾਜਿਸ਼ੀ ਅਤੇ ਵਿਉਂਤਬੰਦ ਤਰੀਕੇ ਨਾਲ ਹੋਟਲ ਵਾਲਿਆਂ ਦੇ ਹਵਾਲੇ ਕਰ ਦਿੱਤਾ। ਹੋਟਲ 'ਜੁਆਇ ਇੰਨ' 'ਹੋਟਲ ਸਫਾਇਰ' ਅਤੇ 'ਹੋਟਲ ਡਰੀਮ' ਸਹਿਤ ਵੱਖ-ਵੱਖ ਪੰਜ ਹੋਟਲਾਂ ਵਿੱਚ ਉਪਰੋਕਤ ਦਰਿੰਦਿਆਂ ਵੱਲੋਂ ਉਸ ਦੀ ਇੱਜ਼ਤ ਰੋਲੀ ਗਈ। ਆਪਣੇ ਬਚਾਅ ਲਈ ਉਸ ਨੇ ਦਰਿੰਦਿਆਂ ਦੀਆਂ ਲੱਖ ਮਿੰਨਤਾਂ ਕੀਤੀਆਂ ਪਰ ਉਨ੍ਹਾਂ ਦੇ ਦਿਲ ਨਾ ਪਿਘਲੇ। ਅੱਜ ਇਥੇ ਇਕ ਸਾਂਝੇ ਪ੍ਰੈਸ ਬਿਆਨ ਰਾਹੀਂ ਟਰੱਸਟ ਆਗੂਆਂ ਨੇ ਕਿਹਾ ਹੈ ਕਿ ਗੈਂਗ ਰੇਪ ਕਾਂਡ ਦੇ ਉਕਤ ਸ਼ਾਮਲ ਸਾਰੇ ਦੋਸ਼ੀਆਂ ਨੂੰ ਫਾਸਟ ਟ੍ਰੈਕ ਕੋਰਟ ਵਿੱਚ ਮੁਕੱਦਮਾ ਚਲਾ ਕੇ ਸਖ਼ਤ ਸਜ਼ਾ ਦਿੱਤੀ ਜਾਵੇ।




# 18 ਲੱਖ ਨਰੇਗਾ ਮਜਦੂਰਾਂ ਤੇ ਮੁਲਾਜਮਾਂ ਦਾ ਭਵਿੱਖ ਹਨੇਰੇ 'ਚ "ਵਿਕਸਤ ਭਾਰਤ ਜੀ ਰਾਮ ਜੀ ਯੋਜਨਾ " ਤਹਿਤ :- ਕਾਮਰੇਡ ਵੀਰ ਸਿੰਘ ਕੰਮੇਆਣਾ

**ਫ਼ਰੀਦਕੋਟ (ਸ਼ਿਵਨਾਥ)** ਅੱਜ ਕਾਮਰੇਡ ਅਮੋਲਕ ਭਵਨ ਫ਼ਰੀਦਕੋਟ ਵਿਖੇ ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ (ਰਜਿ) ਦੇ ਜ਼ਿਲਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਜੀ ਦੀ ਪ੍ਰਧਾਨਗੀ ਹੇਠ, ਇਕ ਵੱਖ-ਵੱਖ ਪਿੰਡਾਂ ਦੇ ਮੇਟਾਂ ਮੀਟਿੰਗ ਸੱਦੀ ਗਈ। ਜਿਸ ਵਿਚ ਬੋਲਦਿਆਂ ਦੱਸਿਆ ਕਿ ਕੇਂਦਰ ਸਰਕਾਰ ਵੱਲੋ "ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ" ਦਾ ਨਾਂ ਬਦਲ ਕੇ "ਵਿਕਸਤ ਭਾਰਤ ਜੀ ਰਾਮ ਜੀ ਸਕੀਮ" 1 ਜੁਲਾਈ ਤੋ ਲਾਗੂ ਕਰ ਦਿੱਤੀ ਗਈ। ਜੇਕਰ ਅਸੀ ਗਰੰਟੀ ਦਾ ਮਤਲਬ ਸਮਝਾਈਏ ਤਾਂ ਪੱਕਾ ਹੁੰਦਾ ਹੈ , ਪਰ ਸਕੀਮ ਦਾ ਮਤਲਬ ਕਦੇ ਵੀ ਬਦਲ ਸਕਦੀ ਹੈ , ਕਦੇ ਵੀ ਬੰਦ ਹੋ ਸਕਦੀ ਹੈ। ਜਿਸ ਕਰਕੇ ਲੱਗ ਰਿਹਾ ਹੈ ਕਿ ਪੰਜਾਬ ਦੇ 18 ਲੱਖ ਮਜਦੂਰਾਂ ਤੇ ਮੁਲਾਜ਼ਮਾਂ ਦਾ ਭਵਿੱਖ ਹਨੇਰੇ 'ਚ ਹੈ। ਇਸ ਸਕੀਮ ਤਹਿਤ ਕੇਂਦਰ ਸਰਕਾਰ ਵੱਲੋ ਸੂਬਾ ਸਰਕਾਰ ਨੂੰ ਇਸ ਵਿੱਚ 40 ਫੀਸਦੀ ਹਿੱਸਾ ਪਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਤਾਂ ਪਹਿਲਾ ਮੁਲਾਜਮਾਂ ਮਜਦੂਰਾਂ ਦੇ ਪੱਲੇ ਕੁਝ ਨਹੀ ਪਾਇਆ। ਇਸ ਤੋ ਬਾਅਦ ਨਰੇਗਾ ਦੇ ਸਲਾਹਕਾਰ ਕਾਮਰੇਡ ਬਲਕਾਰ ਸਿੰਘ ਸਹੋਤਾ ਨੇ ਦੱਸਿਆ ਕਿ ਬਹੁਤ ਸਾਰੇ ਪਿੰਡਾਂ ਵਿਚ ਨਰੇਗਾ ਮਜਦੂਰਾਂ ਦੇ ਬਹੁਤ ਸਾਰੇ ਗਰੰਟੀ ਵਾਲੇ ਕੰਮ ਸਰਕਾਰਾਂ ਨੇ ਬੰਦ ਕਰ ਦਿੱਤੇ , ਹੁਣ 125 ਦਿਨ ਰੁਜ਼ਗਾਰ ਵਿੱਚ ਏਨਾਂ ਸਾਡੇ ਮਜਦੂਰਾਂ ਨੂੰ 50 ਦਿਨ ਰੁਜ਼ਗਾਰ ਨਹੀ ਦੇਣਾ। ਇਹ ਗੱਲ 125 ਦਿਨ ਰੁਜ਼ਗਾਰ ਦੀ ਕਰ ਰਹੇ ਨੇ। ਪੰਜਾਬ ਅੰਦਰ ਨਰੇਗਾ ਮੁਲਾਜ਼ਮਾਂ ਨੂੰ ਤਕਰੀਬਨ ਛੇ ਮਹੀਨੇ ਤੋ ਤਨਖਾਹ ਨਹੀ ਮਿਲੀ। ਓਹ ਲਗਾਤਾਰ ਧਰਨੇ-ਪ੍ਰਦਰਸ਼ਨ ਕਰ ਰਹੇ ਨੇ। ਸਾਡਾ ਸਹਿਰ ਫ਼ਰੀਦਕੋਟ ਪਾਵਨ ਪਵਿੱਤਰ ਬਾਬਾ ਫ਼ਰੀਦ ਜੀ ਦੀ ਚਰਨ ਛੋਹ ਧਰਤੀ, ਜੋ ਗੰਦਗੀ ਦੇ ਢੇਰਾਂ ਨਾਲ ਭਰੀ ਪਈ ਹੈ। 18 -19 ਸਾਲਾਂ ਤੋ ਮੁਲਾਜ਼ਮ ਮਜਦੂਰ ਲਗਾਤਾਰ ਆਪਣੀ ਤਨਦੇਹੀ ਡਿਊਟੀ ਨਿਭਾ ਰਹੇ ਹਨ। ਪਰ ਦੇਖ ਕੇ ਵੀ ਸਰਕਾਰਾਂ ਨੇ ਚੁੱਪ ਵੱਟੀ ਹੋਈ ਹੈ। ਇਸ ਸਮੇ ਸੁਖਮੰਦਰ ਸਿੰਘ ਮੇਟ ਢੁੱਡੀ, ਗੁਰਪ੍ਰੀਤ ਕੌਰ ਮੇਟ, ਕੁਲਦੀਪ ਕੌਰ ਮੇਟ ਕੋਟਸੁਖੀਆ, ਅੰਜੂ ਕੌਰ ਮੇਟ ਰਾਜੋਵਾਲਾ, ਕਰਮਜੀਤ ਕੌਰ ਮੇਟ ਗੋਲੇਵਾਲਾ, ਕਮਲਦੀਪ ਕੌਰ ਮੇਟ ਗੋਲੇਵਾਲਾ, ਤਰਲੋਕ ਸਿੰਘ ਰਾਜੋਵਾਲਾ, ਲਵਪ੍ਰੀਤ ਕੌਰ ਮੇਟ ਪਿਪਲੀ ਆਦਿ ਹਾਜ਼ਰ ਸਨ।




# ਸੋਸ਼ਲ ਵਰਕਰਜ਼ ਵੈਲਫੇਅਰ ਸੋਸਾਇਟੀ ਵੱਲੋਂ ਇੰਟਰਨਸ਼ਿਪ ਪੂਰੀ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸੋਸ਼ਲ ਵਰਕਰਜ਼ ਵੈਲਫੇਅਰ ਸੋਸਾਇਟੀ ਦੀ ਗਰਲਜ਼ ਵਿੰਗ ਵੱਲੋਂ ਐਲ.ਪੀ.ਯੂ., ਸੀ.ਯੂ.ਸਰਕਾਰੀ ਕਾਲਜ ਲੁਧਿਆਣਾ ਅਤੇ ਹੋਰ ਸਿੱਖਿਆ ਸੰਸਥਾਵਾਂ ਦੇ ਲਗਭਗ 100 ਤੋਂ 150 ਵਿਦਿਆਰਥੀਆਂ ਨੂੰ ਇੱਕ ਮਹੀਨੇ ਦੀ ਸਮਾਜਿਕ ਇੰਟਰਨਸ਼ਿਪ ਸਫਲਤਾਪੂਰਵਕ ਪੂਰੀ ਕਰਨ ਉਪਰੰਤ ਸੋਸਾਇਟੀ ਵੱਲੋਂ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਇਸ ਇੰਟਰਨਸ਼ਿਪ ਦੌਰਾਨ ਵਿਦਿਆਰਥੀਆਂ ਨੂੰ ਮਨੁੱਖੀ ਅਧਿਕਾਰ, ਬਾਲ ਅਧਿਕਾਰ, ਵਾਤਾਵਰਣ ਸੁਰੱਖਿਆ, ਸਫ਼ਾਈ ਮੁਹਿੰਮਾਂ ਅਤੇ ਸਮਾਜਿਕ ਜਾਗਰੂਕਤਾ ਨਾਲ ਜੁੜੇ ਵੱਖ-ਵੱਖ ਕਾਰਜਾਂ ਵਿੱਚ ਪ੍ਰਯੋਗਾਤਮਕ ਤਜਰਬਾ ਦਿੱਤਾ ਗਿਆ। ਵਿਦਿਆਰਥੀਆਂ ਦੀ ਵਿਹਾਰਕ ਜਾਣਕਾਰੀ ਨੂੰ ਹੋਰ ਮਜ਼ਬੂਤ ਕਰਨ ਲਈ ਸਿਵਲ ਹਸਪਤਾਲ, ਜ਼ਿਲ੍ਹਾ ਅਦਾਲਤ, ਡਿਪਟੀ ਕਮਿਸ਼ਨਰ ਦਫ਼ਤਰ ਅਤੇ ਹੋਰ ਸਰਕਾਰੀ ਦਫ਼ਤਰਾਂ ਦੇ ਦੌਰੇ ਵੀ ਕਰਵਾਏ ਗਏ, ਤਾਂ ਜੋ ਉਹ ਪ੍ਰਸ਼ਾਸਨਿਕ ਪ੍ਰਣਾਲੀ ਅਤੇ ਲੋਕ ਸੇਵਾਵਾਂ ਦੀ ਕਾਰਗੁਜ਼ਾਰੀ ਨੂੰ ਨੇੜੇ ਤੋਂ ਸਮਝ ਸਕਣ।

ਸੋਸਾਇਟੀ ਦੇ ਅਨੁਸਾਰ ਇਸ ਇੰਟਰਨਸ਼ਿਪ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਕੇਵਲ ਸਰਟੀਫਿਕੇਟ ਦੇਣਾ ਨਹੀਂ, ਸਗੋਂ ਉਨ੍ਹਾਂ ਵਿੱਚ ਸਮਾਜ ਸੇਵਾ ਦੀ ਭਾਵਨਾ, ਲੀਡਰਸ਼ਿਪ ਅਤੇ ਵਿਹਾਰਕ ਤਜਰਬੇ ਨੂੰ ਵਿਕਸਤ ਕਰਨਾ ਹੈ। ਇਸ ਮੌਕੇ ਸੋਸਾਇਟੀ ਦੇ ਚੇਅਰਮੈਨ ਸਨੀ ਮਲਿਕ, ਪ੍ਰਧਾਨ ਅਮਿਤ ਵਰਮਾ ਅਤੇ ਸਹਿਯੋਗੀ ਮੈਂਬਰ ਸ਼ਿਵ ਕਪੂਰ ਹਾਜ਼ਰ ਰਹੇ। ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਨੂੰ ਇੰਟਰਨਸ਼ਿਪ ਸਫਲਤਾਪੂਰਵਕ ਪੂਰੀ ਕਰਨ 'ਤੇ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਸਮਾਜ ਸੇਵਾ ਦੇ ਕਾਰਜਾਂ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ।



# ਆਈ.ਐਮ.ਏ. ਲੁਧਿਆਣਾ ਨੇ ਅਕਾਦਮਿਕ ਸੀਐਮਈ ਨਾਲ ਡਾਕਟਰ ਦਿਵਸ ਮਨਾਇਆ ਅਤੇ ਉੱਘੇ ਸੀਨੀਅਰ ਡਾਕਟਰਾਂ ਨੂੰ ਸਨਮਾਨਿਤ ਕੀਤਾ



**ਲੁਧਿਆਣਾ 8 ਜੁਲਾਈ (ਕਰਨੈਲ ਸਿੰਘ ਐੱਮ.ਏ.)** ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ.ਐਮ.ਏ), ਲੁਧਿਆਣਾ ਨੇ ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਸਾਕੇਤ, ਨਵੀਂ ਦਿੱਲੀ ਦੇ ਸਹਿਯੋਗ ਨਾਲ, ਸ਼ਹਿਰ ਦੇ ਡਾਕਟਰੀ ਭਾਈਚਾਰੇ ਦੀ ਉਤਸ਼ਾਹੀ ਭਾਗੀਦਾਰੀ ਨਾਲ ਆਈ.ਐਮ.ਏ. ਹਾਊਸ, ਬੀ.ਆਰ.ਐਸ. ਨਗਰ ਵਿਖੇ ਇੱਕ ਨਿਰੰਤਰ ਮੈਡੀਕਲ ਸਿੱਖਿਆ (ਸੀਐਮਈ) ਪ੍ਰੋਗਰਾਮ ਦਾ ਸ ਫ ਲ ਤਾ ਪੂ ਰ ਵ ਕ ਆਯੋਜਨ ਕੀਤਾ। ਡਾ: ਮਨੋਜ ਕੇ.ਸੋਬਤੀ, ਸਰਪ੍ਰਸਤ, ਆਈਐਮਏ ਲੁਧਿਆਣਾ ਅਤੇ ਮੈਂਬਰ ਪੰਜਾਬ ਮੈਡੀਕਲ ਕੌਂਸਲ, ਨੇ ਕਿਹਾ ਕਿ ਆਈਐਮਏ ਲੁਧਿਆਣਾ 15 ਸਾਲਾਂ ਤੋਂ ਰਾਸ਼ਟਰੀ ਡਾਕਟਰ ਦਿਵਸ ਮਨਾ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨਿਰੰਤਰ ਮੈਡੀਕਲ ਸਿੱਖਿਆ ਗੁਣਵੱਤਾ ਵਾਲੀ ਸਿਹਤ ਸੰਭਾਲ ਦਾ ਆਧਾਰ ਹੈ। ਉਨ੍ਹਾਂ ਕਿਹਾ ਕਿ ਜਦੋਂ ਡਾਕਟਰੀ ਵਿਗਿਆਨ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਜੀਵਨ ਭਰ ਸਿੱਖਣ, ਨੈਤਿਕ ਅਭਿਆਸ ਅਤੇ ਹਮਦਰਦੀ ਵਾਲੇ ਮਰੀਜ਼ਾਂ ਦੀ ਦੇਖਭਾਲ ਪ੍ਰਤੀ ਡਾਕਟਰ ਦੀ ਵਚਨਬੱਧਤਾ ਅਟੱਲ ਰਹਿਣੀ ਚਾਹੀਦੀ ਹੈ। ਉਨ੍ਹਾਂ ਨੇ ਸੀਨੀਅਰ ਡਾਕਟਰਾਂ ਨੂੰ ਮਾਨਤਾ ਦੇਣ ਲਈ ਆਈਐਮਏ ਲੁਧਿਆਣਾ ਦੀ ਵੀ ਸ਼ਲਾਘਾ ਕੀਤੀ ਜਿਨ੍ਹਾਂ ਦੀ ਦਹਾਕਿਆਂ ਦੀ ਸਮਰਪਿਤ ਸੇਵਾ ਡਾਕਟਰੀ ਪੇਸ਼ੇਵਰਾਂ ਦੀ ਨੌਜਵਾਨ ਪੀੜ੍ਹੀ ਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ। ਰਾਸ਼ਟਰੀ ਡਾਕਟਰ ਦਿਵਸ ਦੇ ਮੌਕੇ 'ਤੇ, ਆਈਐਮਏ ਲੁਧਿਆਣਾ ਨੇ ਸੀਨੀਅਰ ਡਾਕਟਰਾਂ ਡਾ: ਅਮਰਜੀਤ ਸਿੰਘ ਸਚਦੇਵਾ, ਡਾ: ਅਵਤਾਰ ਸਿੰਘ, ਡਾ: ਸਤੀਸ਼ ਚੰਦਰ ਵਰਮਾ, ਡਾ: ਰਾਜੀਵ ਕਾਲੜਾ ਅਤੇ ਡਾ: ਜਗਮੋਹਨ ਚੋਪੜਾ ਨੂੰ ਡਾਕਟਰੀ ਪੇਸ਼ੇ ਵਿੱਚ ਉਨ੍ਹਾਂ ਦੇ ਅਨਮੋਲ ਯੋਗਦਾਨ ਲਈ ਸਨਮਾਨਿਤ ਕੀਤਾ। ਅਕਾਦਮਿਕ ਪ੍ਰੋਗਰਾਮ ਵਿੱਚ ਦੋ ਬਹੁਤ ਪ੍ਰਸ਼ੰਸਾਯੋਗ ਵਿਗਿਆਨਕ ਸੈਸ਼ਨ ਸਨ। ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ ਦੇ ਹੇਮਾਟੋਲੋਜੀ ਅਤੇ ਬੋਨ ਮੈਰੋ ਟ੍ਰਾਂਸਪਲਾਂਟੇਸ਼ਨ ਵਿਭਾਗ ਦੇ ਵਾਈਸ ਚੇਅਰਮੈਨ ਡਾ: ਰਿਆਜ਼ ਅਹਿਮਦ ਨੇ ਸੀ ਏ ਆਰ ਟੀ ਸੈੱਲ ਥੈਰੇਪੀ "ਬਲੱਡ ਕੈਂਸਰ ਇਲਾਜ ਵਿੱਚ ਨਵਾਂ ਯੁੱਗ" 'ਤੇ ਇੱਕ ਸਮਝਦਾਰ ਭਾਸ਼ਣ ਦਿੱਤਾ। ਇਸ ਤੋਂ ਬਾਅਦ ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ ਦੇ ਪੀਡੀਆਟ੍ਰਿਕ ਲਿਵਰ ਟ੍ਰਾਂਸਪਲਾਂਟੇਸ਼ਨ, ਗੈਸਟ੍ਰੋਐਂਟਰੋਲੋਜੀ ਅਤੇ ਹੈਪਾਟੋਲੋਜੀ ਦੇ ਸਲਾਹਕਾਰ ਡਾ: ਵਿਪੁਲ ਗੌਤਮ ਦੁਆਰਾ "ਲਿਵਰ ਟ੍ਰਾਂਸਪਲਾਂਟ ਸੰਕੇਤ ਅਤੇ ਨਤੀਜੇ" 'ਤੇ ਇੱਕ ਜਾਣਕਾਰੀ ਭਰਪੂਰ ਸੈਸ਼ਨ ਕੀਤਾ ਗਿਆ। ਦੋਵੇਂ ਲੈਕਚਰਾਂ ਨੇ ਸ਼ਾਨਦਾਰ ਅਕਾਦਮਿਕ ਚਰਚਾਵਾਂ ਪੈਦਾ ਕੀਤੀਆਂ ਅਤੇ ਡੈਲੀਗੇਟਾਂ ਦੁਆਰਾ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਡਾ: ਪਵਨ ਢੀਂਗਰਾ, ਪ੍ਰਧਾਨ, ਅਤੇ ਡਾ: ਆਸ਼ੀਸ਼ ਓਹਰੀ, ਆਨਰੇਰੀ ਸਕੱਤਰ, ਆਈਐਮਏ ਲੁਧਿਆਣਾ ਨੇ ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ ਦੇ ਫੈਕਲਟੀ ਅਤੇ ਸਾਰੇ ਡੈਲੀਗੇਟਾਂ ਦਾ ਪ੍ਰੋਗਰਾਮ ਨੂੰ ਸ਼ਾਨਦਾਰ ਅਕਾਦਮਿਕ ਸਫਲ ਬਣਾਉਣ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਨਿਯਮਤ ਸੀ.ਐਮ.ਈ. ਰਾਹੀਂ ਵਿਗਿਆਨਕ ਸਿੱਖਿਆ ਅਤੇ ਪੇਸ਼ੇਵਰ ਉੱਤਮਤਾ ਨੂੰ ਉਤਸ਼ਾਹਿਤ ਕਰਨ ਲਈ ਆਈ.ਐਮ.ਏ.ਲੁਧਿਆਣਾ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਪ੍ਰੋਗਰਾਮ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਇਆ, ਜਿਸ ਤੋਂ ਬਾਅਦ ਫੈਲੋਸ਼ਿਪ ਅਤੇ ਡਿਨਰ ਦਾ ਆਯੋਜਨ ਕੀਤਾ ਗਿਆ।

# ਨੋਬਲ ਫਾਊਂਡੇਸ਼ਨ ਨੇ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਸਹਿਯੋਗ ਨਾਲ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਦਾ ਆਯੋਜਨ ਕੀਤਾ





**ਲੁਧਿਆਣਾ 8 ਜੁਲਾਈ (ਕਰਨੈਲ ਸਿੰਘ ਐੱਮ.ਏ.)** ਇਹ ਮੈਡੀਕਲ ਕੈਂਪ ਮੰਗਲਵਾਰ ਨੂੰ ਕਰਤਾਰ ਨਗਰ ਸਥਿਤ ਗਲੀ ਨੰਬਰ 1 ਵਿੱਚ ਨੋਬਲ ਫਾਊਂਡੇਸ਼ਨ ਸ਼ਾਖਾ ਵਿਖੇ ਲਗਾਇਆ ਗਿਆ। ਪ੍ਰੋਗਰਾਮ ਦਾ ਉਦਘਾਟਨ ਮੁੱਖ ਮਹਿਮਾਨ, ਸ਼੍ਰੀ ਸੁਨੀਲ ਯ ਾ ਦ ਵ (ਆਈ.ਆਰ.ਐਸ., ਆਮਦਨ ਕਰ ਅਪੀਲ ਕਮਿਸ਼ਨਰ, ਲੁਧਿਆਣਾ) ਅਤੇ ਪ੍ਰੀਜ਼ਾਈਡਿੰਗ ਅਫ਼ਸਰ, ਸ਼੍ਰੀ ਰਾਜੀਵ ਕੌਸ਼ਲ (ਬੀ.ਕਾਮ., ਐਫ.ਸੀ.ਏ., ਪ੍ਰਧਾਨ, ਜ਼ਿਲ੍ਹਾ ਟੈਕਸੇਸ਼ਨ ਬਾਰ ਐਸੋਸੀਏਸ਼ਨ, ਡਾਇਰੈਕਟਰ ਟੈਕਸ, ਲੁਧਿਆਣਾ) ਦੁਆਰਾ ਦੀਵਾ ਜਗਾ ਕੇ ਕੀਤਾ ਗਿਆ। ਇਸ ਮੌਕੇ 'ਤੇ, ਸ਼੍ਰੀ 1008 ਮਹਾਂਮੰਡਲੇਸ਼ਵਰ ਸ਼੍ਰੀ ਮਹੰਤ ਰਾਮੇਸ਼ਵਰ ਦਾਸ ਤਿਆਗੀ ਜੀ ਮਹਾਰਾਜ (ਆਲ ਇੰਡੀਆ ਸ਼੍ਰੀ ਪੰਚ ਦਿਗੰਬਰ ਅਨੀ ਅਖਾੜਾ, ਅਨੰਤ ਸ਼੍ਰੀ ਵਿਭੂਸ਼ਿਤ, ਸ਼੍ਰੀ ਠਾਕੁਰ ਦੇ ਪੀਠਾਧੀਸ਼ਵਰ) ਨੇ ਆਪਣੇ ਆਸ਼ੀਰਵਾਦ ਵਿੱਚ ਕਿਹਾ, "ਮੈਂ ਉਨ੍ਹਾਂ ਸਾਰੇ ਲੋਕਾਂ ਦਾ ਸਵਾਗਤ ਕਰਦਾ ਹਾਂ ਜੋ ਇਸ ਮੈਡੀਕਲ ਕੈਂਪ ਵਿੱਚ ਆਪਣੀ ਸਿਹਤ ਪ੍ਰਤੀ ਸੁਚੇਤ ਚਿੰਤਾ ਨਾਲ ਆਏ ਹਨ।"

ਇਸ ਸਮਾਗਮ ਵਿੱਚ ਸ਼੍ਰੀ ਅਨਿਲ ਨਈਅਰ (ਪ੍ਰਧਾਨ, ਸਿਲਵਰ ਸਮਾਜ ਸੇਵਾ ਸੋਸਾਇਟੀ), ਸੀਐਸ ਹਰਦੀਪ ਸਿੰਘ ਨਿਘਰ (ਸਾਬਕਾ ਚੇਅਰਮੈਨ 2020, ਲੁਧਿਆਣਾ), ਸ਼੍ਰੀਮਤੀ ਅਰਚਨਾ ਸ਼ਰਮਾ (ਚਾਰਟਰਡ ਅਕਾਊਂਟੈਂਟ), ਸ਼੍ਰੀਮਤੀ ਵਿਧੀ ਸਿੰਗਲ (ਮੈਂਬਰ ), ਸ਼੍ਰੀਮਤੀ ਸ਼ਬਾਨਾ ਗੁਪਤਾ (ਮੈਂਬਰ) ਅਤੇ ਸ਼੍ਰੀ ਵਿਕਰਮ ਵਿਆਸ (ਅਫਸਰ, ਨੋਬਲ ਫਾਊਂਡੇਸ਼ਨ) ਵਿਸ਼ੇਸ਼ ਮਹਿਮਾਨਾਂ ਵਜੋਂ ਮੌਜੂਦ ਸਨ। ਕੈਂਪ ਨੂੰ ਸਫਲ ਬਣਾਉਣ ਵਿੱਚ ਡਾ: ਸ਼ਿਨੂ ਗੋਇਲ (ਮੈਡੀਸਨ), ਡਾ: ਆਸਥਾ ਗਰਗ (ਗਾਇਨੀਕੋਲੋਜੀ), ਡਾ: ਰਵੀ ਪ੍ਰਤਾਪ (ਬਾਲ ਰੋਗ ਵਿਗਿਆਨੀ), ਡਾ: ਵਿਚਿੱਤਰ ਸਿੰਘ (ਸੀਨੀਅਰ ਓਪੀਡੀ ਸਹਾਇਕ), ਪਰਵਿੰਦਰ ਕੌਰ (ਵਾਰਡ ਅਟੈਂਡੈਂਟ), ਸੋਹਿਤ (ਲੈਬ ਟੈਕਨੀਸ਼ੀਅਨ), ਜਸ਼ਨਪ੍ਰੀਤ ਕੌਰ, ਕਿਰਨ ਸ਼ਾਹ (ਸਟਾਫ ਨਰਸ), ਈਸੀਜੀ ਟੈਕਨੀਸ਼ੀਅਨ ਗੰਧਰਵ ਸਿੰਘ, ਫਾਰਮਾਸਿਸਟ ਹਰਪ੍ਰੀਤ ਸਿੰਘ ਅਤੇ ਕਰਨਵੀਰ ਸਿੰਘ ਦੀਆਂ ਸੇਵਾਵਾਂ ਸ਼ਲਾਘਾਯੋਗ ਸਨ। ਕੈਂਪ ਵਿੱਚ ਕੁੱਲ 428 ਮਰੀਜ਼ਾਂ ਦੀ ਸਿਹਤ ਜਾਂਚ ਕੀਤੀ ਗਈ, ਜਿਸ ਵਿੱਚ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਸਲਾਹ-ਮਸ਼ਵਰੇ ਦੇ ਨਾਲ-ਨਾਲ ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਵੱਲੋਂ ਮੁਫ਼ਤ ਦਿੱਤੀਆਂ ਜਾਣ ਵਾਲੀਆਂ ਜ਼ਰੂਰੀ ਦਵਾਈਆਂ ਸ਼ਾਮਲ ਸਨ। ਅੱਜ ਤੱਕ, 34,213 ਲੋੜਵੰਦ ਮਾਪਿਆਂ ਅਤੇ ਵਿਦਿਆਰਥੀਆਂ ਨੇ ਸੰਸਥਾ ਵੱਲੋਂ ਲਗਾਏ ਗਏ ਮੁਫ਼ਤ ਮੈਡੀਕਲ ਕੈਂਪਾਂ ਦਾ ਲਾਭ ਉਠਾਇਆ ਹੈ। ਮੁੱਖ ਮਹਿਮਾਨ ਸ਼੍ਰੀ ਸੁਨੀਲ ਯਾਦਵ ਨੇ ਕਿਹਾ ਕਿ ਬੱਚਿਆਂ ਨੂੰ ਜ਼ਿੰਦਗੀ ਵਿੱਚ ਇੱਕ ਮਜ਼ਬੂਤ ਟੀਚਾ ਮਿੱਥਣਾ ਚਾਹੀਦਾ ਹੈ। ਚਰਿੱਤਰ ਜੀਵਨ ਦੀ ਨੀਂਹ ਹੈ। ਨੋਬਲ ਫਾਊਂਡੇਸ਼ਨ ਸਿੱਖਿਆ ਅਤੇ ਸਿਹਤ ਦੇ ਨਾਲ-ਨਾਲ ਬੱਚਿਆਂ ਦੇ ਚਰਿੱਤਰ ਨਿਰਮਾਣ ਲਈ ਜੋ ਕੰਮ ਕਰ ਰਹੀ ਹੈ, ਉਹ ਸ਼ਲਾਘਾਯੋਗ ਹੈ। ਪ੍ਰੋਗਰਾਮ ਦੀ ਪ੍ਰਧਾਨਗੀ ਕਰਨ ਵਾਲੇ ਸ਼੍ਰੀ ਰਾਜੀਵ ਕੌਸ਼ਲ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਦੇ ਭਵਿੱਖ ਨੂੰ ਢਾਲਣਾ ਉਨ੍ਹਾਂ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਬੱਚਿਆਂ ਨੂੰ ਸਮੇਂ ਸਿਰ ਸਕੂਲ ਭੇਜੋ ਅਤੇ ਉਨ੍ਹਾਂ ਨੂੰ ਮੋਬਾਈਲ ਫੋਨਾਂ ਤੋਂ ਦੂਰ ਰੱਖੋ ਤਾਂ ਜੋ ਉਨ੍ਹਾਂ ਦੀ ਸਿਹਤ ਅਤੇ ਚਰਿੱਤਰ ਦੋਵਾਂ ਦੀ ਰੱਖਿਆ ਕੀਤੀ ਜਾ ਸਕੇ। ਨੋਬਲ ਫਾਊਂਡੇਸ਼ਨ ਦੀਆਂ ਦੌਲਤ ਕਲੋਨੀ ਅਤੇ ਟਿੱਬਾ ਰੋਡ ਸ਼ਾਖਾਵਾਂ ਦੇ ਸਾਰੇ ਅਧਿਆਪਕਾਂ ਨੇ ਇਸ ਮੈਡੀਕਲ ਕੈਂਪ ਨੂੰ ਸਫਲ ਬਣਾਉਣ ਲਈ ਆਪਣਾ ਪੂਰਾ ਸਮਰਥਨ ਦਿੱਤਾ। ਨੋਬਲ ਫਾਊਂਡੇਸ਼ਨ ਦੀ ਕੋਆਰਡੀਨੇਟਰ ਸ਼੍ਰੀਮਤੀ ਮੀਨਾਕਸ਼ੀ ਸ਼ਰਮਾ ਦੁਆਰਾ ਪ੍ਰੋਗਰਾਮ ਦਾ ਸੰਚਾਲਨ ਕੀਤਾ ਗਿਆ। ਨੋਬਲ ਫਾਊਂਡੇਸ਼ਨ ਦੇ ਸੰਸਥਾਪਕ ਸ਼੍ਰੀ ਰਾਜੇਂਦਰ ਸ਼ਰਮਾ ਨੇ ਸਾਰੇ ਮਹਿਮਾਨਾਂ, ਡਾਕਟਰਾਂ, ਅਧਿਆਪਕਾਂ, ਸਹਿਯੋਗੀਆਂ ਅਤੇ ਮਰੀਜ਼ਾਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਅਜਿਹੇ ਸੇਵਾ ਕਾਰਜ ਜਾਰੀ ਰੱਖਣ ਦਾ ਵਾਅਦਾ ਕੀਤਾ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਬੁੱਕ ਐਂਡ ਬੈਗ ਕੀਪਿੰਗ ਪ੍ਰਤਿਯੋਗਿਤਾ



**ਕਪੂਰਥਲਾ, 8 ਜੁਲਾਈ ( ਕੌੜਾ )** - ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਡਾਇਰੈਕਟਰ ਇੰਜ. ਹਰਨਿਆਮਤ ਕੌਰ ਦੀ ਅਗਵਾਈ 'ਚ ਨਰਸਰੀ ਤੋਂ ਪਹਿਲੀ ਜਮਾਤ ਦੇ ਵਿਦਿਆਰਥੀ ਦਰਮਿਆਨ 'ਬੁੱਕ ਐਂਡ ਬੈਗ ਕੀਪਿੰਗ' ਅਤੇ 'ਆਈਡੀਅਲ ਸਟੂਡੈਂਟ' ਦੀ ਪ੍ਰਤਿਯੋਗਿਤਾ ਕਰਵਾਈ ਗਈ। ਇਸ ਪ੍ਰਤੀਯੋਗਿਤਾ ਰਾਹੀਂ ਛੋਟੇ ਵਿਦਿਆਰਥੀਆਂ ਨੂੰ ਆਪਣੀਆਂ ਕਿਤਾਬਾਂ ਅਤੇ ਬੈਗ ਨੂੰ ਸਾਫ ਸੁਥਰਾ ਰੱਖਣ ਦੇ ਮਹੱਤਵ ਨੂੰ ਸਮਝਾਇਆ ਗਿਆ ਲ ਆਈਡੀਅਲ ਸਟੂਡੈਂਟਸ ਦੀ ਪ੍ਰਤੀਯੋਗਿਤਾ ਵਿਚ ਪਹਿਲੀ ਰੋਜ਼ ਜਮਾਤ ਦੀ ਸੇਜਲਪ੍ਰੀਤ ਕੌਰ, ਪਹਿਲੀ ਜੈਸਮੀਨ ਜਮਾਤ ਦੀ ਅਨੰਨਿਆ ਵਰਮਾ ਅਤੇ ਪਹਿਲੀ ਲਿਲੀ ਜਮਾਤ ਦਾ ਅੰਸੁਲ ਜੇਤੂ ਰਹੇ ਲ ਯੂ ਕੇ ਜੀ ਰੋਜ਼ ਦਾ ਕਰਮਜੋਤ ਸਿੰਘ ਅਤੇ ਯੂ ਕੇ ਜੀ ਜੈਸਮੀਨ ਦੀ ਗੁਰਕੀਰਤ ਕੌਰ ਜੇਤੂ ਰਹੇ ਲ ਐਲ ਕੇ ਜੀ ਰੋਜ਼ ਜਮਾਤ 'ਚੋਂ ਵਾਰਿਸ ਸਿੰਘ ਅਤੇ ਐਲ ਕੇ ਜੀ ਜੈਸਮੀਨ ਜਮਾਤ 'ਚੋਂ ਨਵਰਤ ਸਿੰਘ ਜੇਤੂ ਰਹੇ ਲਇਸੇ ਤਰ੍ਹਾਂ ਨਰਸਰੀ ਰੋਜ਼ ਦਾ ਜੋਰਾਵਰ ਸਿੰਘ ਅਤੇ ਨਰਸਰੀ ਜੈਸਮੀਨ ਦੀ ਅਸੀਸ ਕੌਰ ਜੇਤੂ ਰਹੇ ਲ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜ. ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜ. ਨਿਮਰਤਾ ਕੌਰ ਅਤੇ ਹੋਰ ਸਟਾਫ ਮੈਂਬਰ ਹਾਜਰ ਸਨ ਲ ਜੇਤੂ ਰਹੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।

# ਰੋਟਰੀ ਆਈ ਬੈਂਕ ਦੀਆਂ ਸੇਵਾਵਾਂ ਮਨੁੱਖਤਾ ਲਈ ਪ੍ਰੇਰਨਾ ਸਰੋਤ ਹਨ - ਹਰੀਸ਼ ਬੰਗਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਰੋਟਰੀ ਆਈ ਬੈਂਕ ਅਤੇ ਕੌਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਵੱਲੋਂ ਪ੍ਰਧਾਨ ਜੇ.ਬੀ. ਬਹਿਲ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਲਾਇਨਜ਼ ਕਲੱਬ 321-ਡੀ ਦੇ ਸਾਬਕਾ ਜ਼ਿਲ੍ਹਾ ਗਵਰਨਰ ਲਾਇਨ ਹਰੀਸ਼ ਬੰਗਾ ਇਸ ਮੀਟਿੰਗ ਵਿੱਚ ਮੁੱਖ ਮਹਿਮਾਨ ਸਨ। ਇਸ ਮੌਕੇ, ਚੇਅਰਮੈਨ ਅਤੇ ਉੱਘੇ ਸਮਾਜ ਸੇਵਕ ਸੰਜੀਵ ਅਰੋੜਾ ਨੇ ਰੋਟਰੀ ਆਈ ਬੈਂਕ ਦੀਆਂ ਸੇਵਾ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕਰਦਿਆਂ ਕਿਹਾ ਕਿ ਸੰਸਥਾ ਕਈ ਸਾਲਾਂ ਤੋਂ ਨਿਰਸਵਾਰਥ ਹੋ ਕੇ ਕੌਰਨੀਅਲ ਟ੍ਰਾਂਸਪਲਾਂਟੇਸ਼ਨ, ਅੱਖਾਂ ਦਾਨ ਅਤੇ ਸਰੀਰ ਦਾਨ ਬਾਰੇ ਜਾਗਰੂਕਤਾ ਪੈਦਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੰਸਥਾ ਦਾ ਉਦੇਸ਼ ਨਾ ਸਿਰਫ਼ ਲੋਕਾਂ ਨੂੰ ਦ੍ਰਿਸ਼ਟੀ ਪ੍ਰਦਾਨ ਕਰਨਾ ਹੈ, ਸਗੋਂ ਸਮਾਜ ਵਿੱਚ ਮਨੁੱਖੀ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਵੀ ਹੈ। ਉਨ੍ਹਾਂ ਸਾਰੇ ਨਾਗਰਿਕਾਂ ਨੂੰ ਆਪਣੀਆਂ ਅੱਖਾਂ ਦਾਨ ਕਰਨ ਅਤੇ ਇਸ ਨੇਕ ਮੁਹਿੰਮ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਸ੍ਰੀ ਅਰੋੜਾ ਨੇ ਅੱਗੇ ਦੱਸਿਆ ਕਿ ਸੁਸਾਇਟੀ ਨੇ 4,170 ਕੌਰਨੀਅਲ ਅੰਨ੍ਹੇਪਨ ਦੇ ਮਰੀਜ਼ਾਂ ਨੂੰ ਮੁਫ਼ਤ ਦ੍ਰਿਸ਼ਟੀ ਪ੍ਰਦਾਨ ਕੀਤੀ ਹੈ, ਅਤੇ 30 ਮਰਨ



ਉਪਰੰਤ ਸਰੀਰਾਂ ਨੂੰ ਖੋਜ ਲਈ ਵੱਖ-ਵੱਖ ਮੈਡੀਕਲ ਕਾਲਜਾਂ ਵਿੱਚ ਭੇਜਿਆ ਗਿਆ ਹੈ, ਅਤੇ 250 ਵਿਅਕਤੀਆਂ ਨੇ ਆਪਣੇ ਸਰੀਰ ਦਾਨ ਕਰਨ ਲਈ ਰਜਿਸਟ੍ਰੇਸ਼ਨ ਕੀਤੀ ਹੈ। ਇਸ ਮੌਕੇ ਮੁੱਖ ਮਹਿਮਾਨ ਲਾਇਨ ਹਰੀਸ਼ ਬੰਗਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਰੋਟਰੀ ਆਈ ਬੈਂਕ ਨੇ ਹਜ਼ਾਰਾਂ ਲੋੜਵੰਦ ਲੋਕਾਂ ਦੇ ਜੀਵਨ ਵਿੱਚ ਨਵੀਂ ਰੌਸ਼ਨੀ ਲਿਆ ਕੇ ਸੇਵਾ ਦੀ ਇੱਕ ਸ਼ਾਨਦਾਰ ਉਦਾਹਰਣ ਕਾਇਮ ਕੀਤੀ ਹੈ। ਸ੍ਰੀ ਹਰੀਸ਼ ਬੰਗਾ ਨੇ ਭਾਈਚਾਰੇ ਦੇ ਹਰ ਸੰਗਠਨ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਮਾਨਵਤਾਵਾਦੀ ਯਤਨਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਤਾਂ ਜੋ ਇਸ ਸੇਵਾ ਦੇ ਲਾਭ ਵੱਧ ਤੋਂ ਵੱਧ ਲੋੜਵੰਦ ਲੋਕਾਂ ਤੱਕ ਪਹੁੰਚ ਸਕਣ। ਉਨ੍ਹਾਂ ਸੰਸਥਾ ਦੀ ਪੂਰੀ ਟੀਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਮਨੁੱਖਤਾ ਦੀ ਸੇਵਾ ਕਰਨ ਤੋਂ ਵੱਡਾ ਕੋਈ ਧਰਮ ਨਹੀਂ ਹੈ। ਸ੍ਰੀ ਬੰਗਾ ਨੇ ਅੱਗੇ ਕਿਹਾ ਕਿ ਅੱਖਾਂ ਦੇ ਦਾਨ ਨੂੰ ਇੱਕ ਪ੍ਰਸਿੱਧ ਅੰਦੋਲਨ ਬਣਾਉਣ ਲਈ, ਲਾਇਨਜ਼ ਕਲੱਬ 321-ਡੀ ਦੇ ਸਾਰੇ ਕਲੱਬ ਇਸ ਨੂੰ ਉਤਸ਼ਾਹਿਤ ਕਰਨ ਅਤੇ ਪ੍ਰਸਾਰਿਤ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕਰਨਗੇ।ਪ੍ਰਧਾਨ ਜੇ.ਬੀ. ਬਹਿਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਰੋਟਰੀ ਆਈ ਬੈਂਕ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਆਰਥਿਕ ਤੌਰ 'ਤੇ ਕਮਜ਼ੋਰ ਵਿਅਕਤੀ ਨਜ਼ਰ ਤੋਂ ਵਾਂਝਾ ਨਾ ਰਹੇ। ਉਨ੍ਹਾਂ ਦੱਸਿਆ ਕਿ ਸੰਸਥਾ ਅੱਖਾਂ ਦੇ ਦਾਨ ਅਤੇ ਕੌਰਨੀਅਲ ਟ੍ਰਾਂਸਪਲਾਂਟੇਸ਼ਨ ਦੇ ਖੇਤਰ ਵਿੱਚ ਲਗਾਤਾਰ ਕੰਮ ਕਰ ਰਹੀ ਹੈ, ਅਤੇ ਭਾਈਚਾਰੇ ਦੇ ਸਹਿਯੋਗ ਨਾਲ, ਭਵਿੱਖ ਵਿੱਚ ਇਸਦੀਆਂ ਸੇਵਾ ਗਤੀਵਿਧੀਆਂ ਦਾ ਵਿਸਥਾਰ ਕੀਤਾ ਜਾਵੇਗਾ। ਸਾਰੇ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ, ਉਨ੍ਹਾਂ ਨੇ ਇਸ ਸੇਵਾ ਨੂੰ ਹੋਰ ਵੀ ਵੱਧ ਲੋਕਾਂ ਤੱਕ ਪਹੁੰਚਾਉਣ ਦੀ ਆਪਣੀ ਵਚਨਬੱਧਤਾ ਦੁਹਰਾਈ। ਪ੍ਰੋਗਰਾਮ ਦੇ ਅੰਤ ਵਿੱਚ, ਲਾਇਨ ਹਰੀਸ਼ ਬੰਗਾ ਨੂੰ ਰੋਟਰੀ ਆਈ ਬੈਂਕ ਅਤੇ ਕੌਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਮੌਜੂਦ ਸਮਾਜ ਸੇਵਕਾਂ ਨੇ ਵੀ ਸੁਸਾਇਟੀ ਦੇ ਕੰਮ ਦੀ ਪ੍ਰਸ਼ੰਸਾ ਕੀਤੀ ਅਤੇ ਭਵਿੱਖ ਵਿੱਚ ਸੰਸਥਾ ਦੇ ਸੇਵਾ ਯਤਨਾਂ ਵਿੱਚ ਆਪਣਾ ਨਿਰੰਤਰ ਸਮਰਥਨ ਦੇਣ ਦਾ ਵਾਅਦਾ ਕੀਤਾ।

# ਪੰਜਾਬ ਸਰਕਾਰ ਵਲੋਂ ਪਿੰਡ-ਪਿੰਡ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿਖਿਆਵਾਂ 'ਤੇ ਆਧਾਰਤ ਦਸਤਾਵੇਜ਼ੀ ਦਿਖਾਈ ਜਾਵੇਗੀ - ਡਾ. ਇਸ਼ਾਂਕ ਕੁਮਾਰ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਲੜੀ ਤਹਿਤ ਸੂਬੇ ਦੇ ਪਿੰਡਾਂ ਵਿਚ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਤ ਡਾਕੂਮੈਂਟਰੀ ਦਿਖਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਬੀਤੇ ਦਿਨੀਂ ਰਵਾਨਾ ਕੀਤੀਆਂ ਵੈਨਾਂ ਜ਼ਿਲ੍ਹੇ ਵਿਚ ਪਹੁੰਚਣ 'ਤੇ ਅੱਜ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਪਿੰਡਾਂ ਲਈ ਵੈਨ ਨੂੰ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਝੰਡੀ ਦਿਖਾ ਕੇ ਰਵਾਨਾ ਕੀਤਾ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੋਂ ਵੈਨ ਨੂੰ ਰਵਾਨਾ ਕਰਨ ਮੌਕੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਵੱਖ-ਵੱਖ ਧਾਰਮਿਕ ਸਮਾਗਮ ਉਲੀਕੇ ਜਾ ਰਹੇ ਹਨ ਤਾਂ ਜੋ ਗੁਰੂ ਜੀ ਦੀ ਜੀਵਨੀ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਣੂ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਵੈਨ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਹਰੇਕ ਪਿੰਡ ਵਿਚ ਜਾ ਕੇ ਗੁਰੂ ਜੀ ਦੇ ਜੀਵਨ 'ਤੇ ਆਧਾਰਤ ਡਾਕੂਮੈਂਟਰੀ ਦਿਖਾਵੇਗੀ। ਉਨ੍ਹਾਂ ਦੱਸਿਆ ਕਿ ਵੈਨ ਵਲੋਂ ਰੋਜ਼ਾਨਾ ਦੋ ਪਿੰਡਾਂ ਵਿਚ ਡਾਕੂਮੈਂਟਰੀ ਦਿਖਾਈ ਜਾਵੇਗੀ ਜਿਸ



ਦੀ ਸ਼ੁਰੂਆਤ ਹਲਕੇ ਦੇ ਪਿੰਡਾਂ ਸਾਹਰੀ ਅਤੇ ਕਾਹਰੀ ਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਗੁਰੂ ਜੀ ਨੇ ਆਪਣਾ ਸਮੁੱਚਾ ਜੀਵਨ ਮਨੁੱਖਤਾ ਦੀ ਭਲਾਈ, ਆਪਸੀ ਸਾਂਝ, ਭਾਈਚਾਰਕ ਏਕਤਾ ਅਤੇ ਸਮਾਜਿਕ ਬਰਾਬਰਤਾ ਦਾ ਸੰਦੇਸ਼ ਦਿੱਤਾ ਜਿਸ ਦੀ ਅਜੋਕੇ ਯੁੱਗ ਵਿਚ ਵੀ ਖਾਸ ਮਹੱਤਤਾ ਹੈ ਅਤੇ ਸਾਨੂੰ ਸਾਰਿਆਂ ਨੂੰ ਇਸ ਸੰਦੇਸ਼ 'ਤੇ ਪਹਿਰਾ ਦੇਣਾ ਚਾਹੀਦਾ ਹੈ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਪੰਜਾਬ ਦੇ ਹਰ ਪਿੰਡ ਵਿਚ ਪਹੁੰਚਣ ਵਾਲੀਆਂ ਇਨ੍ਹਾਂ ਵੈਨਾਂ 'ਤੇ 12 ਫੁੱਟ 8 ਫੁੱਟ ਦੀ ਵੱਡੀ ਐਲ.ਈ.ਡੀ. ਸਕਰੀਨ ਲਗਾਈ ਗਈ ਹੈ ਜਿਸ ਰਾਹੀਂ 30 ਮਿੰਟ ਦੀ ਦਸਤਾਵੇਜ਼ੀ ਸੰਖੇਪ ਰੂਪ ਵਿਚ ਪ੍ਰਭਾਵਸ਼ਾਲੀ ਅਤੇ ਅਰਥਭਰਪੂਰ ਢੰਗ ਨਾਲ ਗੁਰੂ ਜੀ ਦੀਆਂ ਸਿੱਖਿਆਵਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਏਗੀ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀਆਂ ਨੂੰ ਸਾਡੇ ਮਹਾਨ ਗੁਰੂਆਂ, ਰਹਿਬਰਾਂ ਅਤੇ ਸੰਤਾਂ-ਮਹਾਂਪੁਰਸ਼ਾਂ ਦੀਆਂ ਸਿੱਖਿਆਵਾਂ 'ਤੇ ਚੱਲਦਿਆਂ ਸਮਾਜ ਵਿਚ ਭਾਈਚਾਰਕ ਏਕਤਾ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਸਭਨਾਂ ਦੀ ਭਲਾਈ ਲਈ ਹਮੇਸ਼ਾ ਤੱਤਪਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਵੀ ਲਗਾਤਾਰ ਜਾਰੀ ਹੈ ਜਿਸ ਤਹਿਤ 50 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ ਅਤੇ ਰੋਜ਼ਾਨਾ ਤੀਰਥ ਯਾਤਰਾ ਵਾਲੀਆਂ ਬੱਸਾਂ ਸੈਂਕੜੇ ਸ਼ਰਧਾਲੂਆਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾ ਰਹੀਆਂ ਹਨ। ਇਸ ਮੌਕੇ ਸਹਾਇਕ ਕਮਿਸ਼ਨਰ ਸੁਮਿਤ ਮੁਧ ਆਦਿ ਵੀ ਮੌਜੂਦ ਸਨ।

# ਟਾਂਡਾ ਪੁਲਿਸ ਦੀ ਵੱਡੀ ਕਾਰਵਾਈ ਵੱਖ-ਵੱਖ ਮੁਕੱਦਮਿਆਂ ਵਿੱਚ ਲੋੜੀਂਦੇ 5 ਗ੍ਰਿਫ਼ਤਾਰ

**ਹੁਸ਼ਿਆਰਪੁਰ/ਟਾਂਡਾ (ਤਰਸੇਮ ਦੀਵਾਨਾ) –** ਹੁਸ਼ਿਆਰਪੁਰ ਜ਼ਿਲ੍ਹੇ ਅੰਦਰ ਮਾੜੇ ਅਨਸਰਾਂ ਖ਼ਿਲਾਫ਼ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਟਾਂਡਾ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਪੁਲਿਸ ਟੀਮਾਂ ਨੇ ਵੱਖ-ਵੱਖ ਮੁਕੱਦਮਿਆਂ ਵਿੱਚ ਲੋੜੀਂਦੇ 5 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਸ੍ਰੀ ਸੰਦੀਪ ਕੁਮਾਰ ਮਲਿਕ ਆਈਪੀਐੱਸ ਦੇ ਦਿਸ਼ਾ-ਨਿਰਦੇਸ਼ਾਂ ਹੇਠ, ਡਾਕਟਰ ਮਨਪ੍ਰੀਤ ਕੌਰ ਸ਼ੀਹਮਾਰ ਐੱਸਪੀ (ਡੀ) ਹੁਸ਼ਿਆਰਪੁਰ ਅਤੇ ਸ੍ਰੀ ਦਵਿੰਦਰ ਸਿੰਘ ਬਾਜਵਾ ਡੀ.ਐੱਸ.ਪੀ. ਸਬ ਡਵੀਜਨ ਟਾਂਡਾ ਦੀ ਅਗਵਾਈ ਵਿੱਚ ਟਾਂਡਾ ਇਲਾਕੇ ਅੰਦਰ ਸਪੈਸ਼ਲ ਮੁਹਿੰਮ ਚਲਾਈ ਗਈ ਸੀ। ਇਸੇ ਤਹਿਤ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਮੁੱਖ ਅਫਸਰ ਥਾਣਾ ਟਾਂਡਾ ਵੱਲੋਂ ਵੱਖ-ਵੱਖ ਟੀਮਾਂ ਦਾ ਗਠਨ ਕਰਕੇ ਰੇਡ ਕਰਦਿਆਂ 05 ਵੱਖ-ਵੱਖ ਮੁਕੱਦਮਿਆਂ ਦੇ ਲੋੜੀਂਦੇ ਕਥਿਤ ਦੋਸ਼ੀਆਂ ਨੂੰ ਕਾਬੂ ਕੀਤਾ ਗਿਆ। ਜਿਨ੍ਹਾਂ ਵਿੱਚ ਹਰਦੀਪ ਸਿੰਘ ਪੁੱਤਰ ਜਗਦੀਸ਼ ਵਾਸੀ ਪਿੰਡ ਦਾਤਾ, ਥਾਣਾ ਟਾਂਡਾ) ਸ਼ਾਮਿਲ ਹੈ ਜੋ ਮੁਕੱਦਮਾ ਨੰਬਰ 221, ਅਧੀਨ ਧਾਰਾ 22/29 ਐੱਨਡੀਪੀਐੱਸ ਐਕਟ ਤਹਿਤ ਥਾਣਾ ਟਾਂਡਾ ਵਿੱਚ ਲੋੜੀਂਦਾ ਸੀ ਙ ਇਸ ਤੋਂ ਇਲਾਵਾ ਬੁੱਧ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਕਠਾਣਾ, ਥਾਣਾ ਸ੍ਰੀ ਹਰਗੋਬਿੰਦਪੁਰ, ਬਟਾਲਾ ਜੋ



ਮੁਕੱਦਮਾ ਨੰਬਰ 118, ਅਧੀਨ ਧਾਰਾ 61-1-14 ਐਕਸਾਈਜ਼ ਐਕਟ ਤਹਿਤ ਲੋੜੀਂਦਾ ਸੀ। ਤੀਸਰਾ ਕਥਿਤ ਦੋਸ਼ੀ ਤੇਜਿੰਦਰ ਸਿੰਘ ਉਰਫ਼ ਚੰਨੀ ਪੁੱਤਰ ਪ੍ਰਗਟ ਸਿੰਘ (ਵਾਸੀ ਪੰਜ ਗਰਾਹੀਆਂ, ਥਾਣਾ ਰੰਗੜ ਨੰਗਲ, ਗੁਰਦਾਸਪੁਰ ਜੋ ਮੁਕੱਦਮਾ ਨੰਬਰ 20, ਅਧੀਨ ਧਾਰਾ 333,103,109,3(5) ਬੀਐੱਨਐੱਸ, 25,27 ਅਸਲਾ ਐਕਟ (ਵਾਧਾ ਜੁਰਮ 61(2) ਬੀਐੱਨਐੱਸ, 452,302,307,34 ਆਈਪੀਐੱਸ ਅਤੇ 120-B IPC) ਤਹਿਤ ਲੋੜੀਂਦਾ ਸੀ। ਚੌਥਾ ਕਥਿਤ ਦੋਸ਼ੀ ਅਮਨਦੀਪ ਨਾਹਰ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਮੂਨਕ ਕਲਾਂ, ਥਾਣਾ ਟਾਂਡਾ ਜੋ ਮੁਕੱਦਮਾ ਨੰਬਰ 111, ਅਧੀਨ ਧਾਰਾ 61-1-14 ਐਕਸਾਈਜ਼ ਐਕਟ ਤਹਿਤ ਲੋੜੀਂਦਾ ਸੀ। ਅਭਿਜੀਤ ਹੰਸ ਪੁੱਤਰ ਪੀਰੂ ਰਾਮ ਵਾਸੀ ਪਿੰਡ ਖੋਤੇਵਾਹਾ, ਥਾਣਾ ਟਾਂਡਾ ਜੋ ਮੁਕੱਦਮਾ ਨੰਬਰ 153, ਅਧੀਨ ਧਾਰਾ 27 ਧਫਸ਼ ਐਕਟ ਤਹਿਤ ਥਾਣਾ ਟਾਂਡਾ ਵਿਖੇ ਲੋੜੀਂਦਾ ਸੀ। ਦਵਿੰਦਰ ਸਿੰਘ ਬਾਜਵਾ ਡੀਐੱਸਪੀ ਨੇ ਕਿਹਾ ਕਿ ਸਮਾਜ ਵਿਰੋਧੀ ਅਤੇ ਮਾੜੇ ਅਨਸਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਇਲਾਕੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਅਜਿਹੀਆਂ ਕਾਰਵਾਈਆਂ ਅੱਗੇ ਵੀ ਜਾਰੀ ਰਹਿਣਗੀਆਂ।

# ਖਾਲਸਾ ਕਾਲਜ ਮਾਹਿਲਪੁਰ ਵਿੱਚ ਸਥਾਪਤ ਅਤੇ ਨਵੇਂ ਕੋਰਸਾਂ ਵਿਚ ਦਾਖ਼ਲੇ ਜਾਰੀ

**ਹੁਸ਼ਿਆਰਪੁਰ /ਮਾਹਿਲਪੁਰ, 8 ਜੁਲਾਈ ( ਤਰਸੇਮ ਦੀਵਾਨਾ ) –** ਇਥੋਂ ਦੇ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਸੈਸ਼ਨ 2026 27 ਅਧੀਨ ਚੱਲਦੇ ਵੱਖ ਵੱਖ ਸਥਾਪਿਤ ਅਤੇ ਨਵੇਂ ਕੋਰਸਾਂ ਵਿੱਚ ਦਾਖ਼ਲੇ ਜਾਰੀ ਹਨ ਅਤੇ ਇਲਾਕੇ ਦੇ ਵਿਦਿਆਰਥੀਆਂ ਦਾ ਦਾਖਲਿਆਂ ਪ੍ਰਤੀ ਵੱਡਾ ਉਤਸ਼ਾਹ ਦੇਖਿਆ ਰਿਹਾ ਹੈ। ਇਸ ਬਾਰੇ ਗੱਲ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਦੱਸਿਆ ਕਿ ਕਾਲਜ ਵਿੱਚ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਵਿਸ਼ੇਸ਼ ਦਾਖਲਾ ਅਤੇ ਕਾਉਂਸਲਿੰਗ ਸੈੱਲ ਵੀ ਚੱਲ ਰਿਹਾ ਹੈ ਅਤੇ ਪਿੰਡਾਂ ਵਿੱਚ ਸਥਾਪਤ ਦਾਖਲ ਕੇਂਦਰਾਂ ਵਿੱਚ ਪੁੱਜ ਕੇ ਵੀ ਵਿਦਿਆਰਥੀ ਆਪਣੇ ਪੰਸਦੀਦਾ ਕੋਰਸਾਂ ਵਿੱਚ ਦਾਖਲੇ ਹਾਸਿਲ ਕਰ ਰਹੇ ਹਨ। ਉਹਨਾਂ ਦੱਸਿਆ ਕਿ ਕਾਲਜ ਵਲੋਂ ਪੋਸਟ ਮੈਟਰਿਕ ਸਕਾਲਰਸ਼ਿਪ ਅਧੀਨ ਯੋਗ ਐਸਸੀ, ਐਸਟੀ ਵਿਦਿਆਰਥੀਆਂ ਤੋਂ ਸਿਰਫ ਯੂਨੀਵਰਸਿਟੀ ਫੀਸ ਹੀ ਲਈ ਜਾ ਰਹੀ ਹੈ ਅਤੇ ਸੰਸਥਾ ਵਿੱਚ ਹੋਰ ਵੱਖ ਵੱਖ ਵਜ਼ੀਫਾ ਰਾਸ਼ੀ



ਸਕੀਮਾਂ ਵੀ ਸਫਲਤਾ ਸਹਿਤ ਚੱਲ ਰਹੀਆਂ ਹਨ ਜਿਨਾਂ ਨਾਲ ਇਲਾਕੇ ਦੇ ਹੋਣਹਾਰ ਅਤੇ ਵੱਖ-ਵੱਖ ਵਰਗਾਂ ਦੇ ਲੋੜਵੰਦ ਵਿਦਿਆਰਥੀਆਂ ਨੂੰ ਵੀ ਵੱਡਾ ਲਾਭ ਮਿਲਦਾ ਹੈ। ਉਹਨਾਂ ਕਿਹਾ ਕਿ ਕਾਲਜ ਵਿਚ ਬੀ ਐੱਸ ਸੀ ( ਸਾਈਬਰ ਸਕਿਓਰਿਟੀ) , ਬੀ ਐੱਸ ਸੀ ( ਆਰਟੀਫਿਸ਼ਲ ਇੰਟੈਲੀਜੈਂਸੀ ) ਸਮੇਤ ਕਈ ਨਵੇਂ ਹੁਨਰ ਕੇਂਦਰਿਤ ਅਤੇ ਰੁਜ਼ਗਾਰ ਮੁਖੀ ਕੋਰਸ ਆਰੰਭ ਕੀਤੇ ਗਏ ਹਨ ਜਿਨਾਂ ਵਿੱਚ ਦਾਖਲਾ ਹਾਸਿਲ ਕਰਕੇ ਵਿਦਿਆਰਥੀ ਆਪਣੀ ਪੜ੍ਹਾਈ ਦੌਰਾਨ ਹੀ ਚੰਗੇ ਰੁਜ਼ਗਾਰ ਦੇ ਭਾਗੀਦਾਰ ਬਣ ਸਕਦੇ ਹਨ। ਇਸ ਮੌਕੇ ਹਾਜ਼ਰ ਸਟਾਫ ਮੈਂਬਰਾਨ ਨੇ ਦਾਖ਼ਲਾ ਲੈਣ ਆਏ ਵਿਦਿਆਰਥੀਆਂ ਨੂੰ ਵੱਖ-ਵੱਖ ਕੋਰਸਾਂ ਵਿੱਚ ਰੁਜ਼ਗਾਰ ਦੀਆਂ ਸੰਭਵਨਾਵਾਂ ਬਾਰੇ ਦੱਸਿਆ।
ਉਹਨਾਂ ਵਿਦਿਆਰਥੀਆਂ ਨੂੰ ਕਾਲਜ ਵਿੱਚ ਪੁੱਜ ਕੇ ਮਾਹਰ ਅਧਿਆਪਕ ਸਾਹਿਬਾਨ ਤੋਂ ਵੱਖ-ਵੱਖ ਕੋਰਸਾਂ ਦੀ ਜਾਣਕਾਰੀ ਹਾਸਿਲ ਕਰਕੇ ਇਹਨਾਂ ਕੋਰਸਾਂ ਵਿੱਚ ਆਪਣੀ ਸੀਟ ਯਕੀਨੀ ਬਣਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਪਰਵਾਸ ਜਾਣ ਦੀ ਇੱਛਾ ਵਾਲੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਰੁਜ਼ਗਾਰ ਮੁਖੀ ਕੋਰਸਾਂ ਵਿੱਚ ਰੈਗੂਲਰ ਤੌਰ 'ਤੇ ਘੱਟੋ-ਘੱਟ ਗਰੈਜੂਏਸ਼ਨ ਕਰਕੇ ਹੀ ਵਿਦੇਸ਼ ਜਾਣਾ ਚਾਹੀਦਾ ਹੈ ਜਿਸ ਨਾਲ ਚੰਗੇ ਕੈਰੀਅਰ ਦੀਆਂ ਸੰਭਾਵਨਾਵਾਂ ਹਮੇਸ਼ਾਂ ਵੱਧ ਰਹਿੰਦੀਆਂ ਹਨ।
ਫੋਟੋ ਅਜਮੇਰ ਦੀਵਾਨਾ

# ਜਸਦੀਪ ਸਿੰਘ ਧਾਰੀਵਾਲ ਨੇ ਬਿਰਧ ਆਸ਼ਰਮ ਵਿਖੇ ਬਜ਼ੁਰਗਾਂ ਨਾਲ ਮਨਾਇਆ ਆਪਣਾ ਜਨਮਦਿਨ, ਬੂਟੇ ਲਗਾ ਕੇ ਦਿੱਤਾ ਵਾਤਾਵਰਨ ਸੰਭਾਲ ਦਾ ਸੰਦੇਸ਼





**ਸ੍ਰੀ ਅਨੰਦਪੁਰ ਸਾਹਿਬ, 8 ਜੁਲਾਈ।** ਸਮਾਜ ਸੇਵਾ ਨੂੰ ਸਮਰਪਿਤ ਸੰਸਥਾ ਆਸਰਾ ਫਾਊਂਡੇਸ਼ਨ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਅਤੇ ਅਲਾਇੰਸ ਕਲੱਬ ਸ਼੍ਰੀ ਅਨੰਦਪੁਰ ਸਾਹਿਬ ਦੇ ਸਾਬਕਾ ਸਕੱਤਰ ਜਸਦੀਪ ਸਿੰਘ ਧਾਰੀਵਾਲ ਨੇ ਆਪਣਾ ਜਨਮਦਿਨ ਵਿਲੱਖਣ ਅੰਦਾਜ਼ ਵਿੱਚ ਮਨਾਉਂਦਿਆਂ ਬਾਬਾ ਵਿਸਾਖਾ ਸਿੰਘ ਬਿਰਧ ਆਸ਼ਰਮ, ਅਗੰਮਪੁਰ ਵਿਖੇ ਬਜ਼ੁਰਗਾਂ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ। ਇਸ ਮੌਕੇ ਉਨ੍ਹਾਂ ਨੇ ਆਸ਼ਰਮ ਦੇ ਬਜ਼ੁਰਗਾਂ ਨੂੰ ਫਲ, ਬ੍ਰੈੱਡ, ਜੂਸ ਅਤੇ ਮਠਿਆਈ ਆਦਿ ਭੇਟ ਕਰਕੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਜਸਦੀਪ ਸਿੰਘ ਧਾਰੀਵਾਲ ਅਤੇ ਸਾਥੀਆਂ ਵੱਲੋਂ ਬਿਰਧ ਆਸ਼ਰਮ ਦੇ ਪਰਿਸਰ ਵਿੱਚ ਬੂਟੇ ਵੀ ਲਗਾਏ ਗਏ। ਉਨ੍ਹਾਂ ਕਿਹਾ ਕਿ ਜਨਮਦਿਨ ਵਰਗੇ ਖਾਸ ਦਿਨ ਨੂੰ ਸਮਾਜ ਸੇਵਾ ਅਤੇ ਵਾਤਾਵਰਨ ਦੀ ਸੰਭਾਲ ਨਾਲ ਜੋੜਨਾ ਸਮੇਂ ਦੀ ਲੋੜ ਹੈ। ਉਨ੍ਹਾਂ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਉਨ੍ਹਾਂ ਦੀ ਸੰਭਾਲ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਹਰ ਵਿਅਕਤੀ ਆਪਣੇ ਜੀਵਨ ਵਿੱਚ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਗਾਏ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ਼ ਅਤੇ ਹਰਿਆ-ਭਰਿਆ ਵਾਤਾਵਰਨ ਮਿਲ ਸਕੇ। ਸਮਾਗਮ ਦੌਰਾਨ ਅਲਾਇੰਸ ਕਲੱਬ ਇੰਟਰਨੈਸ਼ਨਲ ਦੇ ਸਾਬਕਾ ਗਵਰਨਰ ਡਾ. ਹਰਦਿਆਲ ਸਿੰਘ ਪੰਨੂ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਉਨ੍ਹਾਂ ਜਸਦੀਪ ਸਿੰਘ ਧਾਰੀਵਾਲ ਨੂੰ ਜਨਮਦਿਨ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਸਮਾਜ ਸੇਵਾ ਅਤੇ ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਉਪਰਾਲੇ ਹੋਰਨਾਂ ਲਈ ਵੀ ਪ੍ਰੇਰਣਾਦਾਇਕ ਹਨ। ਇਸ ਮੌਕੇ ਬਿਰਧ ਆਸ਼ਰਮ ਦੇ ਪ੍ਰਬੰਧਕ ਮੈਨੇਜਰ ਗੁਰਪ੍ਰਤਾਪ ਸਿੰਘ ਅਤੇ ਬਜ਼ੁਰਗਾਂ ਨੇ ਵੀ ਜਸਦੀਪ ਸਿੰਘ ਧਾਰੀਵਾਲ ਦਾ ਧੰਨਵਾਦ ਕਰਦਿਆਂ ਉਨ੍ਹਾਂ ਦੀ ਚੰਗੀ ਸਿਹਤ, ਲੰਬੀ ਉਮਰ ਅਤੇ ਸਮਾਜ ਸੇਵਾ ਦੇ ਕਾਰਜਾਂ ਵਿੱਚ ਨਿਰੰਤਰ ਸਫਲਤਾ ਲਈ ਸ਼ੁਭਕਾਮਨਾਵਾਂ ਦਿੱਤੀਆਂ। ਸਮਾਗਮ ਵਿੱਚ ਪ੍ਰਿੰਸੀਪਲ ਨਿਰੰਜਨ ਸਿੰਘ ਰਾਣਾ ਡਿਸਟ੍ਰਿਕ ਚੇਅਰਮੈਨ ਅਲਾਇੰਸ ਕਲੱਬ, ਅਮਰਜੀਤ ਸਿੰਘ ਸਾਬਕਾ ਰੀਜ਼ਨ ਚੇਅਰਮੈਨ ਅਲਾਇੰਸ ਕਲੱਬ, ਅਲਾਇੰਸ ਕਲੱਬ ਸ਼੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਦਵਿੰਦਰਪਾਲ ਸਿੰਘ, ਆਸਰਾ ਫਾਊਂਡੇਸ਼ਨ ਦੇ ਸਾਬਕਾ ਪ੍ਰਧਾਨ ਮਾਸਟਰ ਸੰਜੀਵ ਧਰਮਾਣੀ, ਧੀਰਜ ਘਈ, ਦੁਰੋਹਿਨ ਘਈ ਅਤੇ ਇਲਾਕੇ ਦੀਆਂ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪੁਰਬ: ਪੰਜਾਬ ਸਰਕਾਰ ਪੂਰੀ ਸ਼ਰਧਾ ਅਤੇ ਜਲੌਅ ਨਾਲ ਮਨਾਏਗੀ – ਬ੍ਰਹਮ ਸ਼ੰਕਰ ਜਿੰਪਾ

## ਪਿੰਡ ਜਹਾਨਖੇਲ੍ਹਾਂ ਅਤੇ ਆਦਮਵਾਲ ਲਈ ਡਾਕੂਮੈਂਟਰੀ ਦਿਖਾਉਣ ਵਾਲੀ ਵੈਨ ਕੀਤੀ ਰਵਾਨਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸ੍ਰੀ ਗੁਰੂ ਰਵਿਦਾਸ ਜੀ ਦੇ ਆ ਰਹੇ 650 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਤਹਿਤ ਅੱਜ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਦੇ ਪਿੰਡਾਂ ਵਿਚ ਗੁਰੂ ਜੀ ਦੇ ਜੀਵਨ ਆਧਾਰਤ ਡਾਕੂਮੈਂਟਰੀ ਦਿਖਾਉਣ ਲਈ ਵੈਨ ਨੂੰ ਰਵਾਨਾ ਕਰਦਿਆਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਗੁਰੂ ਜੀ ਦੇ ਪ੍ਰਕਾਸ਼ ਪੁਰਬ ਨੂੰ ਇਤਿਹਾਸਕ ਅਤੇ ਸ਼ਰਧਾਪੂਰਵਕ ਮਨਾਏਗੀ। ਦਸਤਾਵੇਜ਼ੀ ਦਿਖਾਉਣ ਵਾਲੀ ਵੈਨ ਨੂੰ ਝੰਡੀ ਦੇ ਕੇ ਰਵਾਨਾ ਕਰਨ ਮੌਕੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦੀ ਮੌਜੂਦਗੀ ਵਿਚ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਵਿਸ਼ੇਸ਼ ਤੌਰ ’ਤੇ ਤਿਆਰ ਕੀਤੀ ਇਹ ਡਾਕੂਮੈਂਟਰੀ ਵੈਨ ਗੁਰੂ ਜੀ ਦੇ ਫਲਸਫ਼ੇ ਅਤੇ ਮਹਾਨ ਸਿਖਿਆਵਾਂ ਤੋਂ ਲੋਕਾਂ ਨੂੰ ਜਾਣੂ ਕਰਵਾਏਗੀ ਤਾਂ ਜੋ ਵੱਧ ਤੋਂ ਵੱਧ ਲੋਕ ਗੁਰੂ ਜੀ ਦੇ ਭੇਦਭਾਵ ਰਹਿਤ ਬਰਾਬਰੀ ਵਾਲੇ ਸਮਾਜ ਦੇ ਸੰਦੇਸ਼ ਤੋਂ ਪ੍ਰੇਰਨਾ ਲੈ ਸਕਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਹਰ ਧਰਮ ਦੇ ਸਤਿਕਾਰ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਵੱਡੇ ਪੱਧਰ ’ਤੇ ਮਨਾਉਣ ਉਪਰੰਤ ਹੁਣ ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪੁਰਬ ਮਨਾਉਣ ਦਾ ਸੁਭਾਗ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਗੁਰੂ ਜੀ ਨੇ ਸਮੁੱਚੀ ਮਨੁੱਖਤਾ ਦੇ ਭਲੇ ਅਤੇ ਸਮਾਜ ਦੇ ਸਾਰੇ ਵਰਗਾਂ ਵਿਚ ਬਰਾਬਰੀ ਦਾ ਸੰਦੇਸ਼ ਅਤੇ ਬੇਗਮਪੁਰਾ ਦਾ ਸੰਕਲਪ ਦਿੱਤਾ ਜਿਥੇ ਕਿਸੇ ਨੂੰ ਵੀ ਕੋਈ ਦੁੱਖ ਤਕਲੀਫ਼ ਨਾ ਹੋਵੇ। ਉਨ੍ਹਾਂ ਕਿਹਾ ਕਿ ਪਹਿਲੇ ਦਿਨ ਇਹ ਦਸਤਾਵੇਜ਼ੀ ਪਿੰਡ ਜਹਾਨਖੇਲ੍ਹਾਂ ਅਤੇ ਆਦਮਵਾਲ ਵਿਖੇ ਦਿਖਾਈ ਜਾਵੇਗੀ। ਵਿਧਾਇਕ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਹਰੇਕ ਪਿੰਡ ਵਿਚ ਇਹ ਵੈਨ ਜਾਵੇਗੀ ਜਿਥੇ ਰੋਜ਼ਾਨਾ 30 ਮਿੰਟ ਦਸਤਾਵੇਜ਼ੀ ਦਿਖਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਵੈਨ ਰੋਜ਼ਾਨਾ ਦੋ ਪਿੰਡਾਂ ਵਿਚ ਸ਼ਾਮ ਦੇ ਸਮੇਂ ਪਹੁੰਚੇਗੀ ਅਤੇ ਲੋਕਾਂ ਨੂੰ ਗੁਰੂ ਜੀ ਦੇ ਜੀਵਨ ਅਤੇ ਸਿਖਿਆਵਾਂ ’ਤੇ ਆਧਾਰਤ ਡਾਕੂਮੈਂਟਰੀ ਦਿਖਾਇਆ ਕਰੇਗੀ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰੂ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਲੜੀ ਬੇਹੱਦ ਸ਼ਲਾਘਾਯੋਗ ਉਪਰਾਲਾ ਹੈ ਅਤੇ ਪੰਜਾਬ ਸਰਕਾਰ ਨੇ ਇਸ ਕਾਰਜ ਲਈ 100 ਕਰੋੜ ਰੁਪਏ ਦਾ ਬਜ਼ਟ ਰੱਖਿਆ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਬਹੁਤ ਵਧੀਆ ਢੰਗ ਨਾਲ ਤਿਆਰ ਕੀਤੀ ਇਸ ਡਾਕੂਮੈਂਟਰੀ ਨੂੰ ਲਾਜ਼ਮੀ ਦੇਖਿਆ ਜਾਵੇ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ ਆਦਿ ਵੀ ਮੌਜੂਦ ਸਨ।

## ਮਾੜੀ ਸੋਚ

ਸੱਚੀ ਮਿਹਨਤ ਮਨੁੱਖਤਾ ਨੂੰ ,
ਕਾੜ੍ਹ ਦਿੰਦੀ ਐ ।
ਹੋਵੇ ਆਲਸ ਤਾਂ ਬੰਦੇ ਨੂੰ ,
ਪਿਛਾੜ ਦਿੰਦੀ ਐ ।
ਜਿਵੇਂ ਘਟੀਆ ਖ਼ੁਰਾਕ ਦਿੰਦੀ ,
ਸਿਹਤ ਨੂੰ ਵਿਗਾੜ ;
ਓਦਾਂ ਮਾੜੀ ਸੋਚ ਜ਼ਿੰਦਗੀ ,
ਵਿਗਾੜ ਦਿੰਦੀ ਐ ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ
ਜ਼ਿਲ੍ਹਾ ਸੰਗਰੂਰ ।
9914836037

## ਤੇਰੇ ਬਿਨ

ਤੇਰੇ ਬਿਨ ਅਸੀਂ ਅੱਜ ਵੀ
ਹਾਂ ਸਹਾਰਿਆਂ ਵਰਗੇ
ਪਰ ਰਹਿ ਗਏ ਹਾਂ
ਟੁੱਟੇ ਹੋਏ ਕਿਨਾਰਿਆਂ ਵਰਗੇ
ਤੇਰੀ ਇਕ ਮੁਸਕਾਨ ਨੇ
ਜੀਣ ਜੋਗਾ ਤਾਂ ਕਰ ਦਿੱਤਾ
ਅਸੀਂ ਚੁੱਪ ਚਾਪ
ਬਣ ਗਏ ਹਾਂ ਤਾਰਿਆਂ ਵਰਗੇ
ਜੋ ਵਾਅਦੇ ਸੀ ਉਹ ਸੱਭ ਹੀ
ਖ਼ਾਬ ਹੋ ਗਏ ਨੇ
ਅਸੀਂ ਰਹਿ ਗਏ ਬਸ
ਝੂਠੇ ਜਿਹੇ ਲਾਰਿਆਂ ਵਰਗੇ
ਤੇਰੇ ਸ਼ਹਿਰ ਦੀਆਂ ਗਲੀਆਂ ਵਿੱਚ
ਅੱਜ ਵੀ ਭਟਕਦੇ ਨੇ ਫ਼ੱਕਰ
ਜਿਵੇਂ ਹੋਈਏ ਕਿਸੇ
ਗੁਨਾਹ ਦੇ ਮਾਰਿਆਂ ਵਰਗੇ
ਤੂੰ ਦਿਲਦਾਰ ਬਣ ਕੇ ਵੀ
ਦਿਲ ਨੂੰ ਨਾ ਸਮਝ ਸਕਿਆ
ਅਸੀਂ ਖੜ੍ਹੇ ਰਹਿ ਗਏ
ਬਿਰਖ਼ ਖੁਆਰਿਆਂ ਵਰਗੇ
ਹਰ ਇੱਕ ਸਾਹ ਉੱਤੇ
ਤੇਰਾ ਹੀ ਨਾਂ ਲਿਖਿਆ ਹੈ
ਅਸੀਂ ਅਜਨਬੀ ਰਾਹ
ਜਿੱਤ ਕੇ ਵੀ ਹਾਂ ਹਾਰਿਆਂ ਵਰਗੇ



ਅਮਰਜੀਤ ਟਾਂਡਾ

## ਜਦੋਂ ਆਪਣੇ ਹੀ ਪਛਾਉਣੋ

ਜਦੋਂ ਆਪਣੇ ਹੀ ਪਛਾਉਣੋ ਨਾ ਕਰ ਦੇਣ,
ਫਿਰ ਗਿਲ੍ਹਾ ਕਿਸੇ ਤੇ ਕੀ ਕਰੀਏ।
ਦੋਸਤ ਨਾ ਪਛਾਣੇ ਚੇਹਰੇ ਦੀ ਰੰਗਤ,
ਉਸ ਦੋਸਤ ਤੋਂ ਉਮੀਦ ਕੀ ਕਰੀਏ।
ਵਾਇਦੇ ਕਰਕੇ ਵੋਟਰਾਂ ਨੂੰ ਖੁਸ਼ ਕਰਨਾ,
ਨਜ਼ਰ ਨਾ ਆਵੇ ਲੀਡਰ ਤਾਂ ਕੀ ਕਰੀਏ।
ਜਿਸ ਇਨਸਾਨ ਨੇ ਫਰਜ਼ ਨਹੀਂ ਪਛਾਣੇ,
ਉਸ ਦੀ ਇਨਸਾਨੀਅਤ ਦਾ ਕੀ ਕਰੀਏ।
ਜੋ ਔਰਤ ਸ਼ਰਮ ਹਿਆ ਨਹੀਂ ਕਰਦੀ,
ਉਸ ਦੀ ਸੁੰਦਰਤਾ ਦਾ ਫਿਰ ਕੀ ਕਰੀਏ।
ਕੁਦਰਤੀ ਜੀਵ ਕੁਦਰਿਤ ਦੀ ਸੰਭਾਲ ਨਾ ਕਰੇ,
ਉਸ ਕੁਦਰਤੀ ਜੀਵ ਦਾ ਕੀ ਕਰੀਏ।
ਆਪਣੇ ਲਈ ਨਾ ਸੰਭਾਲੇ ਕੁਦਰਤੀ ਸਰੋਤ,
ਉਸ ਕੁਦਰਤਿ ਪ੍ਰੇਮੀ ਦਾ ਕੀ ਕਰੀਏ।
ਸਮਾਜ ਸੇਵੀ ਹੋ ਕੇ ਕਰੇ ਪੱਖਪਾਤ,
ਉਸ ਸਮਾਜ ਸੇਵੀ ਦਾ ਕੀ ਕਰੀਏ।
ਪੱਖਪਾਤੀ ਪੱਤਰਕਾਰੀ ਜੋ ਕਰਦੇ,
ਸੱਚੀ ਖਬਰ ਜੋ ਨਾ ਦਿਖਾਵੇ,
ਉਸ ਪੱਤਰਕਾਰ ਦਾ ਕੀ ਕਰੀਏ।
ਲਿਖਾਰੀ ਹੋ ਕੇ ਨਾ ਲਿੱਖੇ ਮੌਕੇ ਦੇ ਹਲਾਤ,
ਉਸ ਲਿਖਾਰੀ ਨੂੰ ਲਾਹਨਤ ਨਾ ਪਾਈਏ?
ਤਾਂ ਫਿਰ ਉਸ ਦਾ ਕੀ ਕਰੀਏ।
ਵਾਹ ਵਾਹ ਲਈ ਜੋ ਦਾਨ ਕਰਦੇ,
ਲੋੜਵੰਦ ਲਈ ਜੋ ਖੜ੍ਹ ਨਹੀਂ ਸਕਦੇ,
ਐਸੀ ਦਾਨੀ ਦਾ ਫਿਰ ਕੀ ਕਰੀਏ।
ਰਾਜਾ ਹੋ ਕੇ ਨਾ ਮਾਰੇ ਝਾਤ ਪ੍ਰਜਾ ਵੱਲ,
ਉਸ ਰਾਜੇ ਦਾ ਫਿਰ ਕੀ ਕਰੀਏ।
ਜਿਸ ਰੱਬ ਨੇ ਨਹੀਂ ਦਿੱਤਾ ਸਾਥ ਅੱਜ ਮੇਰਾ,
ਉਸ ਰੱਬ ਦੀ ਪੂਜਾ ਫਿਰ ਕੀ ਕਰੀਏ।
ਹਰੀ *ਜਿਹੜਾ ਸਾਥ ਨਾ ਦੇਵੇ ਦੁੱਖ ਵੇਲੇ,
ਫਿਰ ਸੁੱਖ ਵੇਲੇ.. ਖੁਸਰਾ ਤਾੜੀ ਦਾ ਕੀ ਕਰੀਏ.



ਹਰੀ ਕ੍ਰਿਸ਼ਨ ਬੰਗਾ
ਜਨਰਲ ਸੈਕਟਰੀ,
ਆਦਰਸ਼ ਸੋਸ਼ਲ ਵੈਲਫ਼ੇਅਰ ਸੋਸਾਇਟੀ
ਪੰਜਾਬ ਰਜਿ.

## ਵਹਿਮ

ਬਰਸਾਤ ਦਾ ਮੌਸਮ ਵੀ ਬੜਾ ਅਜੀਬ ਹੈ।
ਵਾਤਾਵਰਨ 'ਚ ਤਬਦੀਲੀ ਆ ਜਾਂਦੀ ਹੈ।
ਕੀੜੇ-ਕੀੜੀਆਂ ਨੂੰ ਖੰਭ ਨਿਕਲ ਆਉਂਦੇ ਨੇ।
ਤੇ ਉਹ ਮਕੌੜਿਆਂ ਤੋਂ ਭਵੱਖੜ ਬਣ ਜਾਂਦੇ ਨੇ।
ਇਸੇ ਬਰਸਾਤ ਦੀ ਰਾਤ ਦੇ ਹਨੇਰੇ ਦੇ ਵਿੱਚ,
ਦੂਰ ਕਿਤੇ ਕੋਈ ਲੋਅ ਬਲਦੀ ਵੇਖ ਕੇ,
ਇਹਨਾਂ ਦੇ ਖੰਭ ਫੜਫੜਾਉਣ ਲਗਦੇ ਨੇ।
ਵਹਿਮ ਹੋ ਜਾਂਦਾ ਹੈ ਇਹਨਾਂ ਕੀੜਿਆਂ ਨੂੰ,
ਕਿ ਹਾਸਲ ਕਰ ਲੈਣਗੇ ਉਸ ਰੌਸ਼ਨੀ ਨੂੰ।
ਤੇ ਨਵੇਂ ਉੱਗੇ ਖੰਭਾਂ ਦੇ ਸਹਾਰੇ ਲੱਗ ਜਾਂਦੇ ਨੇ,
ਉਸ ਬਲਦੀ ਲੋ ਦੁਆਲੇ ਚੱਕਰ ਕੱਢਣ।
ਪਰ ਸਵੇਰ ਤੱਕ ਨਵੇਂ ਨਿਕਲੇ ਖੰਭਾਂ ਦੇ ਨਾਲ,
ਆਪਣਾ ਵਜੂਦ ਵੀ ਗੁਆ ਬਹਿੰਦੇ ਨੇ।
ਸੱਚੀਂ ਬਹੁਤ ਬੁਰੀ ਚੀਜ਼ ਹੈ ਇਹ ਵਹਿਮ ਵੀ।



ਗੁਰਜਿੰਦਰ ਸਿੰਘ ਸਾਹਦੜਾ
9815302341




# ਲੜਕਿਆਂ ਲਈ ਸਕਾਊਟਿੰਗ ਦੇ ਐਡੀਸਨ 2026 ਦੀ ਘੁੰਢ ਚੁਕਾਈ ਸਮਾਗਮ ਤਾਰਾ ਦੇਵੀ ਵਿਖੇ ਸੰਪਨ

## ਮਾਂ ਬੋਲੀ ਪੰਜਾਬੀ ਵਿੱਚ ਸਕਾਊਟਿੰਗ ਦੇ ਲਿਟਰੇਚਰ ਦੀ ਘਾਟ ਨੂੰ ਪੂਰਾ ਕਰੇਗੀ ਇਹ ਪੁਸਤਕ- ਸੰਪਾਦਕ

**ਚੰਡੀਗੜ੍ਹ 8 ਜੁਲਾਈ( ਜਤਿੰਦਰ ਪਾਲ ਸਿੰਘ ਕਲੇਰ )** ਭਾਰਤ ਸਕਾਊਟਸ ਅਤੇ ਗਾਈਡਜ਼ ਪੰਜਾਬ ਵਲੋਂ ਪੰਜਾਬ ਅਤੇ ਬਾਹਰਲੇ ਸੂਬਿਆਂ ਵਿੱਚ ਸਕਾਊਟਿੰਗ ਦੇ ਖੇਤਰ ਵਿੱਚ ਸਰਗਰਮ ਯੋਧਿਆਂ ਨੂੰ ਪੱਕੇ ਪੈਰੀਂ ਸਕਾਊਟਿੰਗ ਕਰਨ ਦੇ ਮਨਸੂਬੇ ਨਾਲ ਪੰਜਾਬੀ ਭਾਸ਼ਾ ਨਾਲ ਜੁੜੇ ਸਾਥੀਆਂ ਦੀ ਮੱਦਦ ਲਈ ਲੱਗਭੱਗ 59 ਸਾਲਾਂ ਬਾਅਦ ਸਕਾਊਟਿੰਗ ਫਾਰ ਬੁਆਏਜ਼ ਦਾ ਜਨਕ ਸਿੰਘ ਦੁਆਰਾ ਅਨੁਵਾਦਿਤ ਅਤੇ ਸ੍ਰ ਹਰਦਿਆਲ ਸਿੰਘ ਦੁਆਰਾ ਸੁਧਾਈ ਕੀਤੀ ਵਿਸ਼ਵ ਭਾਈਚਾਰਾ ( ਸਕਾਊਟਿੰਗ ਫਾਰ ਬੁਆਏਜ਼) ਦਾ ਦੂਸਰਾ ਐਡੀਸਨ 2026 ਸ ਟ ੇ ਟ ਆਰਗੇਨਾਈਜ਼ਿੰਗ ਕਮਿਸ਼ਨਰ ਪੰਜਾਬ ਉਂਕਾਰ ਸਿੰਘ ਦੀ ਹਿੰਮਤ ਅਤੇ ਦੂਰ ਅੰਦੇਸ਼ੀ ਸੋਚ ਦੌਂ ਬਦੌਲਤ ਪਾਠਕਾਂ ਦੇ ਸਨਮੁੱਖ ਹੋਇਆ।

ਸਕਾਊਟਿੰਗ ਫਾਰ ਬੁਆਏਜ 2026 ਦੇ ਦੂਸਰੇ ਸੰਸਕਰਨ ਦੀ ਘੁੰਢ ਚੁਕਾਈ ਸਮਾਗਮ ਸਟੇਟ ਟ੍ਰੇਨਿੰਗ ਸੈਂਟਰ ਤਾਰਾ ਦੇਵੀ ਸ਼ਿਮਲਾ ਵਿਖੇ ਬੋਲਦਿਆਂ ਸਟੇਟ ਚੀਫ ਕਮਿਸ਼ਨਰ ਡਾ ਸੁਖਬੀਰ ਸਿੰਘ ਬੱਲ ਨੇ ਕਿਹਾ



ਕਿ ਲੰਬੇ ਸਮੇਂ ਤੋਂ ਸਕਾਊਟਿੰਗ ਨਾਲ ਜੁੜੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਮੰਗ ਨੂੰ ਪੂਰਾ ਕਰਕੇ ਉਂਕਾਰ ਸਿੰਘ ਨੇ ਸਕਾਊਟਿੰਗ ਦੇ ਖੇਤਰ ਵਿੱਚ ਇੱਕ ਹੋਰ ਮਹਾਨ ਕਾਰਜ ਨੇਪਰੇ ਚਾੜਿਆ ਹੈ। ਸਮੁੱਚੇ ਸਕਾਊਟਿੰਗ ਪਰਿਵਾਰ ਨੂੰ ਵਧਾਈ ਦਿੰਦਿਆਂ ਡਾ ਬੱਲ ਨੇ ਵਿਸਵਾਸ ਜਤਾਇਆ ਕਿ ਹੁਣ ਪੰਜਾਬੀ ਵਿੱਚ ਸਕਾਊਟਿੰਗ ਦੇ ਲਿਟਰੇਚਰ ਦੀ ਘਾਟ ਨਹੀਂ ਰਹੇਗੀ। ਮਿੰਨੀ ਕਹਾਣੀਕਾਰ ਪ੍ਰਿੰਸੀਪਲ ਦਰਸ਼ਨ ਸਿੰਘ ਬਰੇਟਾ ਨੇ ਇਸ ਪੁਸਤਕ ਦੀ ਛਪਾਈ, ਟਾਈਟਲ ਪੰਨਾ ਅਤੇ ਨਵੀਆਂ ਦਰਜ ਕੀਤੀਆਂ ਮੱਦਾਂ ਵੱਲ ਸਰੋਤਿਆਂ ਦਾ ਧਿਆਨ ਦਿਵਾਇਆ। ਸੰਪਾਦਕ ਉਂਕਾਰ ਸਿੰਘ ਨੂੰ ਇੱਕ ਹੋਰ ਮੀਲ ਪੱਥਰ ਸਥਪਿਤ ਕਰਨ ਦੀ ਵਧਾਈ ਦਿੱਤੀ। ਸੰਪਾਦਕ ਵਲੋਂ ਇਸ ਭਾਵਪੂਰਤ ਸਮਾਗਮ ਵਿੱਚ ਬੋਲਦਿਆਂ ਦੱਸਿਆ ਕਿ ਮੇਰੇ ਸਕਾਊਟਿੰਗ ਦੇ ਸਫਰ ਦੇ ਪੰਝੀ ਸਾਲਾਂ ਦੌਰਾਨ ਸਕਾਊਟਿੰਗ ਪਰਿਵਾਰ ਦੀ ਮੱਦਦ ਨਾਲ ਬਹੁਤ ਵੱਡੇ ਕਾਰਜ ਕੀਤੇ ਪਰ ਪਿੱਛਲੇ ਦਹਾਕੇ ਤੋਂ ਮਨ ਵਿੱਚ ਚਲਦਾ ਸੁਫਨਾ ਪੂਰਾ ਕਰਕੇ ਅੱਜ ਮੈਨੂੰ ਬਹੁਤ ਸਕੂਨ ਮਹਿਸੂਸ ਹੋ ਰਿਹਾ ਹੈ। ਮਾਂ ਬੋਲੀ ਪੰਜਾਬੀ ਵਿੱਚ ਹਰ ਗੱਲ ਨੂੰ ਬਾਰੀਕੀ ਨਾਲ ਸਮਝਣ ਦਾ ਸਬੱਬ ਇਹ ਕਿਤਾਬ ਬਣੇਗੀ।

ਇਸ ਮੌਕੇ ਕਰਨੈਲ ਸਿੰਘ ਨੈਸਨਲ ਹੈਡਕੁਆਟਰ ਦਿੱਲੀ, ਜਗਤਾਰ ਸਿੰਘ ਸੰਗਰੂਰ, ਗੁਰਪ੍ਰੀਤ ਸਿੰਘ ਸੇਖੋਂ ,ਐਓਸੀ ਗਾਈਡ ਨੀਟਾ ਕਸ਼ਿਅਪ, ਮਨਜੀਤ ਕੌਰ, ਦੀਪਾਂਸ਼ੂ, ਸਰ ਬੂਟਾ ਸਿੰਘ, ਫਾਦਰ ਕੇ ਪੀ ਜੌਨ, ਦੇਸਰਾਜ ਸਿੰਘ, ਨਿਰਲੇਪ ਕੌਰ ਮਾਨਸਾ, ਅਨੁ ਮਲਹੋਤਰਾ, ਗੁਰਿੰਦਰ ਸਿੰਘ, ਡਾ ਸੁਤੰਤਰ ਸਿੰਘ, ਨਿਸ਼ਾਨ ਸਿੰਘ,ਸੁਖਪਾਲ ਸਿੰਘ ਅਤੇ 102 ਪੰਜਾਬ ਦੇ ਵੱਖ ਵੱਖ ਜਿਲਿਆਂ ਵਿੱਚੋਂ ਟ੍ਰੇਨਿੰਗ ਕਰਨ ਆਏ ਸਕੂਲਾਂ, ਕਾਲਜਾਂ ਅਤੇ ਯੁਨੀਵਰਸਿਟੀਆਂ ਦੇ ਅਧਿਆਪਕ ਸਾਹਿਬਾਨ ਹਾਜਰ ਸਨ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਨਵਾਂਸ਼ਹਿਰ ਕਰੇਗੀ ਪੰਜਾਬ ਸਰਕਾਰ ਦੇ ਪ੍ਰਧਾਨ ਤੇ ਐਮਐਲਏ ਦਾਤਿੱਖਾ ਵਿਰੋਧ: ਡਾ. ਕਟਾਰੀਆ ਅਤੇ ਡਾ ਸਹਿਗਲ, ਡਾ. ਅਸ਼ੋਕ

**ਬੰਗਾ (ਚਰਨਜੀਤ ਸੱਲ੍ਹਾ )**ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ 295 ਜਿਲਾ ਨਵਾਂਸ਼ਹਿਰ ਦੇ ਬਲਾਕ ਬਹਿਰਾਮ ਦੀ ਇੱਕ ਅਹਿਮ ਮੀਟਿੰਗ ਬਲਾਕ ਦਫਤਰ ਵਿੱਚ ਕੀਤੀ ਗਈ ਜਿਸ ਦੀ ਪ੍ਰਧਾਨਗੀ ਬਲਾਕ ਪ੍ਰਧਾਨ ਡਾਕਟਰ ਜਤਿੰਦਰ ਸਹਿਗਲ ਜੀ ਨੇ ਕੀਤੀ ਇਸ ਮੀਟਿੰਗ ਵਿੱਚ ਜਿਲੇ ਦੇ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਜੀ ਤੇ ਜਿਲਾ ਸਕੱਤਰ ਡਾਕਟਰ ਰਜਿੰਦਰ ਸਿੰਘ ਲੱਕੀ ਜੀ ਵਿਸ਼ੇਸ਼ ਤੋਰ ਤੇ ਪਹੁੰਚੇ ਇਹ ਮੀਟਿੰਗ ਡਾਕਟਰ ਡੇ ਦਿਵਸ ਨੂੰ ਸਮਰਪਿਤ ਕੀਤੀ ਗਈ ਇਸ ਮੀਟਿੰਗ ਵਿੱਚ ਸਨੋਵਾ ਹਸਪਤਾਲ ( ਸੰਧੂ ਹਸਪਤਾਲ ) ਨਵਾਂਸ਼ਹਿਰ ਵਲੋ ਉਹਨਾਂ ਦੇ ਸੀਨੀਅਰ ਮਾਰਕਟਿੰਗ ਮਨੈਜਰ ਰਜਿੰਦਰ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ ਤੇ ਹਸਪਤਾਲ ਵਾਰੇ ਵਿਸ਼ੇਸ਼ ਸਹੂਲਤਾ ਵਾਰੇ ਚਾਨਣਾ ਪਾਇਆ

ਇਸ ਉਪਰੰਤ ਜਿਲਾ ਪ੍ਰਧਾਨ, ਜਿਲਾ ਸਕੱਤਰ, ਤੇ ਬਲਾਕ ਪ੍ਰਧਾਨ ਵਲੋਂ ਸਾਂਝੇ ਬਿਆਨ ਵਿੱਚ ਕੀਹਾ ਕਿ ਪੰਜਾਬ ਪ੍ਰਧਾਨ ਜੀ ਦੇ ਹੁਕਮਾ ਅਨੁਸਾਰ ਜਿਲਾ ਨਵਾਂਸ਼ਹਿਰ ਪੰਜਾਬ ਸਰਕਾਰ ਦੀ ਅੰਨੀ ਤੇ ਬੋਲੀ ਨੀਤੀ ਖਿਲਾਫ ਸਖਤ ਰੂਪ ਵਿੱਚ ਧਰਨਾ ਪ੍ਰਦਰਸ਼ਨ ਕਰੇਗੀ ਤੇ ਸਰਕਾਰ ਨੂੰ ਜਗਾਉਣ ਦਾ ਕੰਮ ਕਰੇਗੀ ਜਿਲੇ ਦੇ ਮੌਜੂਦਾ ਸਰਕਾਰ ਦੇ



ਪ੍ਰਧਾਨ , ਐਮ ਐਲ ਏ ਦੇ ਘਰਾਂ ਦਾ ਘਿਰਾਓ ਕਰਕੇ ਉਹਨਾਂ ਨੂੰ ਦੇ ਖਿਲਾਫ ਰੋਸ਼ ਪ੍ਰਦਰਸ਼ਨ ਕੀਤਾ ਜਾਵੇਗਾ ਇਸ ਤੋ ਇਲਾਵਾ ਡਾ ਜਗਦੀਸ਼ ਬੰਗੜ , ਡਾ ਸੰਜੇ ਕਪੀਲ , ਡਾ ਅਸ਼ੋਕ ਕੁਮਾਰ , ਡਾ ਜੋਤੀ , ਡਾ ਹੁਸਨ ਲਾਲ , ਡਾ ਸਤਵਿੰਦਰ ਜੀਤ , ਡਾ ਸ਼ਿਵ ਕੁਮਾਰ , ਡਾ ਰਜਿੰਦਰ ਸੋਧੀ , ਡਾ ਰੋਹਿਤ, ਡਾ ਚਰਨਜੀਤ, ਡਾ ਨਵੀਨ ਕੁਮਾਰ, ਡਾ ਦਵਿੰਦਰ ਪਾਲ , ਡਾ ਰਵੀ , ਡਾ ਸਨੀ , ਡਾ ਵਿੱਕੀ ਕੁਮਾਰ, ਡਾ ਨਛੱਤਰ ਪਾਲ, ਡਾ ਧਰਮਵੀਰ, ਡਾ ਵਿਜੇ ਕੁਮਾਰ, ਡਾ ਰਸ਼ਪਾਲ ਭੱਟੀ , ਡਾ ਬਲਕਾਰ ਚੱਕ ਵਿਲਗਾ, ਡਾ ਪਰਮਜੀਤ, ਡਾ ਗੁਲਜਾਰ, ਡਾ ਸੋਮਲਾਲ, ਡਾ ਪਰਮਜੀਤ ਜੰਡੀਆਲੀ, ਡਾ ਕੁਲਦੀਪ ਕੁਮਾਰ, ਡਾ ਹਰਦੀਪ ਕੁਮਾਰ, ਡਾ ਰਸ਼ਪਾਲ ਗੁਲਾਬਗੜੀਆ, ਡਾ ਅਬਦੁਲ,ਡਾ ਰੋਹਿਤ, ਗੁਫਾਰ ਆਦਿ ਹਾਜ਼ਰ ਸਨ ।

# ਬੀਜੇਪੀ ਦਾ ਸਟੈਂਡ ਪਹਿਲੇ ਦਿਨ ਤੋਂ ਸਪੱਸ਼ਟ ਬਹਿਬਲ ਕਲਾਂ ਦੇ ਦੋਸ਼ੀਆਂ ਨੂੰ ਨਿਰਪੱਖ ਜਾਂਚ ਤੋਂ ਬਾਅਦ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ : ਵਿਜੈ ਸਾਂਪਲਾ

## ਹੁਣ ਚੋਣਾਂ ਤੋਂ ਪਹਿਲਾਂ ਲੋਕਾਂ ਦਾ ਧਿਆਨ ਭਟਕਾਉਣ ਲਈ ਐਸਆਈਟੀ ਦਾ ਸਹਾਰਾ ਲੈ ਰਹੀ ਹੈ

**ਹੁਸ਼ਿਆਰਪੁਰ 8 ਜੁਲਾਈ ( ਤਰਸੇਮ ਦੀਵਾਨਾ )** - ਬਹਿਬਲ ਕਲਾਂ ਗੋਲੀਕਾਂਡ ਮਾਮਲੇ ਵਿੱਚ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਸਾਹਮਣੇ ਪੇਸ਼ ਹੋਣ ਤੋਂ ਬਾਅਦ ਸਾਬਕਾ ਕੇਂਦਰੀ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸਾਬਕਾ ਸੂਬਾ ਪ੍ਰਧਾਨ ਵਿਜੈ ਸਾਂਪਲਾ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਇਸ ਸੰਵੇਦਨਸ਼ੀਲ ਮਾਮਲੇ ਨੂੰ ਰਾਜਨੀਤਿਕ ਮਕਸਦਾਂ ਲਈ ਵਰਤਣ ਦੇ ਗੰਭੀਰ ਦੋਸ਼ ਲਗਾਏ। ਸਾਂਪਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਬਹਿਬਲ ਕਲਾਂ ਗੋਲੀਕਾਂਡ ਵਿੱਚ ਇਨਸਾਫ਼ ਦਿਵਾਉਣ ਦੇ ਵੱਡੇ ਵਾਅਦੇ ਕੀਤੇ ਸਨ, ਪਰ ਸਾਢੇ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਸਰਕਾਰ ਇਨਸਾਫ਼ ਦਿਵਾਉਣ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਹੁਣ ਜਦੋਂ ਚੋਣਾਂ ਨੇੜੇ ਆ ਰਹੀਆਂ ਹਨ ਤਾਂ ਸਰਕਾਰ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨਾਲ ਜੁੜੇ ਇਸ ਮਾਮਲੇ ਨੂੰ ਮੁੜ ਉਭਾਰ ਕੇ ਲੋਕਾਂ ਦਾ ਧਿਆਨ ਆਪਣੇ ਨਾਕਾਮੀਆਂ ਤੋਂ ਹਟਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦਾ ਸ਼ੁਰੂ ਤੋਂ ਹੀ ਸਪੱਸ਼ਟ ਸਟੈਂਡ ਰਿਹਾ ਹੈ ਕਿ ਬਹਿਬਲ ਕਲਾਂ ਮਾਮਲੇ ਵਿੱਚ ਜੋ ਵੀ ਦੋਸ਼ੀ ਹੈ, ਉਸ ਦੀ ਨਿਰਪੱਖ ਅਤੇ ਪਾਰਦਰਸ਼ੀ



ਜਾਂਚ ਕਰਕੇ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਵਿਜੈ ਸਾਂਪਲਾ ਨੇ ਦੱਸਿਆ ਕਿ ਇਹ ਚੌਥੀ ਵਾਰ ਹੈ ਜਦੋਂ ਉਨ੍ਹਾਂ ਨੂੰ ਐਸਆਈਟੀ ਵੱਲੋਂ ਸੰਮਨ ਭੇਜਿਆ ਗਿਆ ਹੈ। ਇਸ ਤੋਂ ਪਹਿਲਾਂ ਵੀ ਉਹ ਜਲੰਧਰ ਵਿੱਚ ਐਸਆਈਟੀ ਸਾਹਮਣੇ ਪੇਸ਼ ਹੋਏ ਸਨ ਅਤੇ ਉਦੋਂ ਵੀ ਉਨ੍ਹਾਂ ਨੇ ਮੰਗ ਕੀਤੀ ਸੀ ਕਿ ਜਿਸ ਦਸਤਾਵੇਜ਼ ਬਾਰੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾਣੀ ਹੈ, ਉਸ ਦੀ ਪ੍ਰਮਾਣਿਤ ਕਾਪੀ ਦਿੱਤੀ ਜਾਵੇ ਤਾਂ ਜੋ ਉਹ ਤੱਥਾਂ ਦੇ ਆਧਾਰ 'ਤੇ ਆਪਣਾ ਜਵਾਬ ਦੇ ਸਕਣ। ਉਨ੍ਹਾਂ ਕਿਹਾ ਕਿ ਬਿਨਾਂ ਦਸਤਾਵੇਜ਼ਾਂ ਨੂੰ ਵੇਖੇ ਅਤੇ ਸਮਝੇ ਕੋਈ ਵੀ ਟਿੱਪਣੀ ਕਰਨਾ ਠੀਕ ਨਹੀਂ ਹੋਵੇਗਾ। ਅੱਜ ਦੀ ਪੇਸ਼ੀ ਦੌਰਾਨ ਵੀ ਉਨ੍ਹਾਂ ਨੂੰ ਕੇਵਲ 12 ਜਨਵਰੀ 2018 ਨੂੰ ਰਾਜਪਾਲ ਨੂੰ ਦਿੱਤੇ ਇੱਕ ਮੈਮੋਰੈਂਡਮ ਦੀ ਕਾਪੀ ਦਿਖਾਈ ਗਈ, ਪਰ ਉਸ ਦੀ ਪ੍ਰਮਾਣਿਤ ਕਾਪੀ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ।

ਸਾਂਪਲਾ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਆਰਟੀਫ਼ਿਸ਼ੀਅਲ ਇੰਟੈਲੀਜੈਂਸ (ਏਆਈ) ਅਤੇ ਡਿਜ਼ੀਟਲ ਤਕਨਾਲੋਜੀ ਕਾਰਨ ਕਿਸੇ ਵੀ ਦਸਤਾਵੇਜ਼ ਦੀ ਪ੍ਰਮਾਣਿਕਤਾ ਮਹੱਤਵਪੂਰਨ ਹੈ। ਇਸ ਲਈ ਉਨ੍ਹਾਂ ਨੇ ਸਿਰਫ਼ ਸਰਟੀਫਾਈਡ ਕਾਪੀ ਦੀ ਮੰਗ ਕੀਤੀ ਸੀ, ਪਰ ਐਸਆਈਟੀ ਨੇ ਇਹ ਵੀ ਮੁਹੱਈਆ ਨਹੀਂ ਕਰਵਾਈ। ਉਨ੍ਹਾਂ ਦੋਸ਼ ਲਾਇਆ ਕਿ ਐਸਆਈਟੀ ਵੱਲੋਂ ਵਾਰ-ਵਾਰ ਬੁਲਾਉਣ ਦਾ ਮਕਸਦ ਜਾਂਚ ਨੂੰ ਲੰਮਾ ਖਿੱਚਣਾ ਅਤੇ ਚੋਣਾਂ ਤੱਕ ਇਸ ਮਾਮਲੇ ਨੂੰ ਸਿਆਸੀ ਤੌਰ 'ਤੇ ਜ਼ਿੰਦਾ ਰੱਖਣਾ ਹੈ। ਸਾਂਪਲਾ ਨੇ ਕਿਹਾ ਕਿ ਹਾਲੀਆ ਧਾਰਮਿਕ ਅਤੇ ਸਿਆਸੀ ਘਟਨਾਕ੍ਰਮਾਂ, ਖ਼ਾਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੁੜੇ ਮਾਮਲਿਆਂ ਵਿੱਚ ਸਰਕਾਰ ਦੀ ਹੋ ਰਹੀ ਫ਼ਜ਼ੀਹਤ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਵੀ ਇਹ ਸਾਰਾ ਡਰਾਮਾ ਕੀਤਾ ਜਾ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਬਹਿਬਲ ਕਲਾਂ ਮਾਮਲੇ ਨਾਲ ਨਾ ਤਾਂ ਉਨ੍ਹਾਂ ਦਾ ਅਤੇ ਨਾ ਹੀ ਭਾਜਪਾ ਦਾ ਕੋਈ ਸਿੱਧਾ ਸੰਬੰਧ ਰਿਹਾ ਹੈ।

# ਸਤਿਕਾਰਯੋਗ ਗੁਰਮੇਲ ਸਿੰਘ ਯੂ ਐਸ ਏ ਵੱਲੋਂ ਗ੍ਰਾਮ ਪੰਚਾਇਤ ਪਿੰਡ ਬਿਰਕ ਨੂੰ 7 ਲੱਖ 90 ਹਜ਼ਾਰ ਰੁਪਏ ਮੁੱਲ ਦਾ ਟਰੈਕਟਰ ਲੈਕੇ ਦਿੱਤਾ

**ਗੁਰਾਇਆ (ਚਰਨਜੀਤ ਸੱਲ੍ਹਾ )**ਉੱਘੇ ਸਮਾਜ ਸੇਵਕ ਮਹਾਂਦਾਨੀ ਸਤਿਕਾਰਯੋਗ ਗੁਰਮੇਲ ਸਿੰਘ ਯੂ ਐਸ ਏ ਵੱਲੋਂ ਗ੍ਰਾਮ ਪੰਚਾਇਤ ਪਿੰਡ ਬਿਰਕ (ਜਲੰਧਰ) ਨੂੰ 7 ਲੱਖ 90 ਹਜ਼ਾਰ ਰੁਪਏ ਮੁੱਲ ਦਾ ਮਹਿੰਦਰਾ ਕੰਪਨੀ ਦਾ ਨਵਾਂ ਟ੍ਰੈਕਟਰ ਦਿੱਤਾ ਗਿਆ ਜੋ ਬਹੁਤ ਹੀ ਸ਼ਲਾਘਾਯੋਗ ਕਦਮ ਹੈ ਡਾ ਅੰਬੇਡਕਰ ਸੋਸ਼ਲ ਵੈਲਫੇਅਰ ਸੋਸਾਇਟੀ ਉਨ੍ਹਾਂ ਦੇ ਇਸ ਵੱਡਮੁੱਲੇ ਯੋਗਦਾਨ ਲਈ



ਤਹਿਦਿਲੋਂ ਧੰਨਵਾਦੀ ਕਰਦੀ ਹੈ ਗੁਰੂ ਰਵਿਦਾਸ ਮਹਾਰਾਜ ਜੀ ਉਨ੍ਹਾਂ ਅਤੇ ਸਮੂਹ ਪਰਿਵਾਰ ਨੂੰ ਚੜ੍ਹਦੀ ਕਲਾ ਅਤੇ ਤੰਦਰੁਸਤੀ ਬਖ਼ਸ਼ਣ ਅਤੇ ਕਾਰੋਬਾਰ ਵਿਚ ਵਾਧਾ ਕਰਨ ਇਸ ਮੌਕੇ ਤੇ ਸਤਿਕਾਰਯੋਗ ਗੁਰਮੇਲ ਸਿੰਘ ਯੂ ਐਸ ਏ,ਬੀਨਾ ਬਸਰਾ ਚੇਅਰਪਰਸਨ ਬਲਾਕ ਸੰਮਤੀ ਰੂੜਕਾਂ ਕਲਾ, ਸਰਪੰਚ ਸਮੀਤ ਲਾਡੀ ਬਸਰਾ, ਸਾਬਕਾ ਸਰਪੰਚ ਰਾਮ ਸਰੂਪ ਚੰਬਾ, ਸਾਬਕਾ ਸਰਪੰਚ ਸਤਪਾਲ ਵਿਰਕ, ਸਤਨਾਮ ਸੱਤੀ ਇਟਲੀ, ਅਸ਼ੋਕ ਬੰਗੜ,ਡਾ ਪਿਆਰ ਲਾਲ ਚੁੰਬਰ ਗ੍ਰਾਮ ਪੰਚਾਇਤ ਵਿਰਕ ਦੇ ਸਮੂਹ ਮੈਂਬਰ ਅਤੇ ਪਤਵੰਤੇ ਹਾਜਰ ਸਨ।

# ਬਰਸਾਤੀ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਸਿਹਤ ਸੰਸਥਾਵਾਂ ਦੀਆ ਛੱਤਾਂ ਤੇ ਹੋਰ ਪ੍ਰਬੰਧਾਂ ਦਾ ਜਾਇਜ਼ਾ

## ਮਰੀਜ਼ਾਂ ਦੀ ਸੁਰੱਖਿਆ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ - ਡਾ. ਮਨਦੀਪ ਕਮਲ

**ਹੁਸ਼ਿਆਰਪੁਰ, 8 ਜੁਲਾਈ (ਤਰਸੇਮ ਦੀਵਾਨਾ ) –** ਬਰਸਾਤੀ ਮੌਸਮ ਦੌਰਾਨ ਮਰੀਜ਼ਾਂ ਨੂੰ ਸੁਰੱਖਿਅਤ, ਸਾਫ਼-ਸੁਥਰਾ ਅਤੇ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸਿਵਲ ਸਰਜਨ ਹੁਸ਼ਿਆਰਪੁਰ ਡਾ. ਮਨਦੀਪ ਕਮਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫ਼ਸਰ ਇੰ ਸਿਵਲ ਹਸਪਤਾਲ ਹੁਸ਼ਿਆਰਪੁਰ ਡਾ. ਨਵਜੋਤ ਸਿੰਘ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਨੇਹਾ ਪਾਲ, ਵੱਲੋਂ ਸਿਵਲ ਹਸਪਤਾਲ ਦੀਆਂ ਸਾਰੀਆਂ ਛੱਤਾਂ ਦਾ ਵਿਸਥਾਰਪੂਰਵਕ ਨਿਰੀਖਣ ਕੀਤਾ ਗਿਆ।

ਨਿਰੀਖਣ ਦੌਰਾਨ ਹਸਪਤਾਲ ਦੇ ਗਲਿਆਰਿਆਂ, ਪਖਾਨਿਆਂ, ਸਟੋਰਾਂ, ਛੱਤਾਂ, ਪਾਣੀ ਦੀਆਂ ਟੈਂਕੀਆਂ ਅਤੇ ਸਮੁੱਚੇ ਹਸਪਤਾਲ ਪਰਿਸਰ ਦੀਆ ਛੱਤਾਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ ਗਿਆ।

ਅਧਿਕਾਰੀਆਂ ਨੇ ਵਿਸ਼ੇਸ਼ ਤੌਰ 'ਤੇ ਇਹ ਯਕੀਨੀ ਬਣਾਇਆ ਕਿ ਹਸਪਤਾਲ ਦੀਆਂ ਛੱਤਾਂ ਦੀ ਸਾਫ਼-ਸਫ਼ਾਈ ਦੇ ਉੱਚ ਮਿਆਰ ਬਣੇ ਰਹਿਣ, ਕਿਤੇ ਵੀ ਕੂੜਾ-ਕਰਕਟ ਜਾਂ ਗੰਦਗੀ ਇਕੱਠੀ ਨਾ ਹੋਵੇ, ਪਾਣੀ ਖੜ੍ਹਾ ਨਾ ਰਹੇ ਅਤੇ ਮੱਛਰਾਂ ਦੀ ਪੈਦਾਵਾਰ ਲਈ ਅਨੁਕੂਲ ਹਾਲਾਤ ਪੈਦਾ ਨਾ ਹੋਣ। ਡਰੇਨੇਜ ਸਿਸਟਮ, ਨਾਲੀਆਂ ਅਤੇ ਪਰਨਾਲਿਆਂ ਦੀ ਜਾਂਚ ਕਰਕੇ ਇਹ ਵੀ ਦੇਖਿਆ ਗਿਆ ਕਿ ਕਿਤੇ ਕੋਈ ਪਰਨ-ਾਲਾ ਜਾਮ ਨਾ ਹੋਵੇ ਅਤੇ ਬਰਸਾਤ ਦਾ ਪਾਣੀ ਆਸਾਨੀ ਨਾਲ ਨਿਕਲ ਸਕੇ।

ਨਿਰੀਖਣ ਦੌਰਾਨ ਜਾਂਚ ਕੀਤੀ ਗਈ ਤਾਂ ਜੋ ਕਿਸੇ ਵੀ ਥਾਂ ਤੋਂ ਮੀਂਹ ਦਾ ਪਾਣੀ ਨਾ ਚੋਂਦਾ ਹੋਵੇ, ਕੰਧਾਂ ਜਾਂ ਛੱਤਾਂ ਵਿੱਚ ਸੀਲਨ ਜਾਂ ਲੀਕੇਜ ਨਾ ਹੋਵੇ ਅਤੇ ਬਰਸਾਤ ਕਾਰਨ ਮਰੀਜ਼ਾਂ ਜਾਂ ਸਟਾਫ਼ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੇ ਨਾਲ ਹੀ ਫਰਸ਼ਾਂ, ਰੈਂਪਾਂ, ਸਿੜ੍ਹੀਆਂ ਅਤੇ ਹੋਰ ਆਵਾਜਾਈ ਵਾਲੀਆਂ ਥਾਵਾਂ 'ਤੇ ਇਹ ਯਕੀਨੀ ਬਣਾਇਆ ਗਿਆ ਕਿ ਕਿਤੇ ਵੀ ਕਾਈ ਜਾਂ ਫਿਸਲਣ ਵਾਲੀ ਪਰਤ ਨਾ ਜਮ੍ਹੀ ਹੋਵੇ, ਤਾਂ ਜੋ






ਹਾਦਸਿਆਂ ਤੋਂ ਬਚਿਆ ਜਾ ਸਕੇ।ਨਿਰੀਖਣ ਦੌਰਾਨ ਡਾ. ਨਵਜੋਤ ਅਤੇ ਡਾ. ਨੇਹਾ ਪਾਲ ਵਲੋਂ ਹਸਪਤਾਲ ਦੀਆਂ ਛੱਤਾਂ 'ਤੇ ਲੱਗੇ ਏਅਰ ਕੰਡੀਸ਼ਨਰ (ਏ.ਸੀ.) ਦੇ ਆਊਟਡੋਰ ਯੂਨਿਟਾਂ ਅਤੇ ਹੋਰ ਸਬੰਧਤ ਉਪਕਰਨਾਂ ਦੀ ਵੀ ਜਾਂਚ ਕੀਤੀ ਗਈ। ਇਹ ਯਕੀਨੀ ਬਣਾਇਆ ਗਿਆ ਕਿ ਸਾਰੇ ਏ.ਸੀ. ਯੂਨਿਟ ਅਤੇ ਉਨ੍ਹਾਂ ਦੇ ਸਟੈਂਡ ਸੁਰੱਖਿਅਤ ਹਾਲਤ ਵਿੱਚ ਹਨ, ਕਿਸੇ ਤਰ੍ਹਾਂ ਦੀ ਲੀਕੇਜ ਨਹੀਂ ਹੈ, ਬਰਸਾਤੀ ਪਾਣੀ ਦੀ ਨਿਕਾਸੀ ਵਿੱਚ ਕੋਈ ਰੁਕਾਵਟ ਨਹੀਂ ਪੈਦਾ ਹੋ ਰਹੀ ਅਤੇ ਉਨ੍ਹਾਂ ਕਾਰਨ ਛੱਤਾਂ 'ਤੇ ਪਾਣੀ ਇਕੱਠਾ ਹੋਣ ਦੀ ਸਮੱਸਿਆ ਨਹੀਂ ਬਣ ਰਹੀ। ਇਸ ਤੋਂ ਇਲਾਵਾ ਛੱਤਾਂ 'ਤੇ ਰੱਖੇ ਹੋਰ ਸਾਮਾਨ ਅਤੇ ਉਪਕਰਨਾਂ ਦੀ ਵੀ ਜਾਂਚ ਕਰਕੇ ਸਬੰਧਤ ਸਟਾਫ਼ ਨੂੰ ਲੋੜੀਂਦੀ ਸਾਂਭ-ਸੰਭਾਲ ਅਤੇ ਸਮੇਂ ਸਿਰ ਮੁਰੰਮਤ ਯਕੀਨੀ ਬਣਾਉਣ ਲਈ ਹਦਾਇਤਾਂ ਦਿੱਤੀਆਂ ਗਈਆਂ।ਸਿਵਲ ਸਰਜਨ ਡਾ. ਮਨਦੀਪ ਕਮਲ ਨੇ ਕਿਹਾ ਕਿ ਬਰਸਾਤੀ ਮੌਸਮ ਦੌਰਾਨ ਹਸਪਤਾਲਾਂ ਵਿੱਚ ਹਰ ਤਰ੍ਹਾਂ ਦੀ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਲਈ ਪਹਿਲਾਂ ਤੋਂ ਹੀ ਲੋੜੀਂਦੇ ਪ੍ਰਬੰਧ ਮੁਕੰਮਲ ਰੱਖੇ ਜਾਣ। ਉਨ੍ਹਾਂ ਕਿਹਾ ਕਿ ਹਸਪਤਾਲਾਂ ਵਿੱਚ ਸਫ਼ਾਈ, ਪਾਣੀ ਦੀ ਨਿਕਾਸੀ, ਬਿਜਲੀ, ਪੀਣ ਵਾਲੇ ਪਾਣੀ ਅਤੇ ਹੋਰ ਬੁਨਿਆਦੀ ਸਹੂਲਤਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾਂ ਸਮੂਹ ਸਿਹਤ ਸੰਸਥਾਵਾਂ ਦੇ ਇੰਚਾਰਜਾਂ ਅਤੇ ਸਬੰਧਤ ਸਟਾਫ਼ ਨੂੰ ਹਦਾਇਤ ਕੀਤੀ ਕਿ ਬਰਸਾਤੀ ਮੌਸਮ ਦੌਰਾਨ ਹਸਪਤਾਲ ਪਰਿਸਰ ਦੀ ਰੋਜ਼ਾਨਾ ਨਿਗਰਾਨੀ ਕੀਤੀ ਜਾਵੇ। ਜੇਕਰ ਕਿਸੇ ਵੀ ਥਾਂ ਲੀਕੇਜ, ਛੱਤ ਚੋਂਣ, ਪਰਨਾਲਾ ਜਾਮ ਹੋਣ, ਕਾਈ ਜਮ੍ਹਣ, ਪਾਣੀ ਖੜ੍ਹਾ ਹੋਣ ਜਾਂ ਹੋਰ ਕਿਸੇ ਤਕਨੀਕੀ ਸਮੱਸਿਆ ਦੀ ਜਾਣਕਾਰੀ ਮਿਲਦੀ ਹੈ ਤਾਂ ਉਸ ਦਾ ਤੁਰੰਤ ਹੱਲ ਯਕੀਨੀ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਮਰੀਜ਼ਾਂ ਦੀ ਸੁਰੱਖਿਆ, ਸਹੂਲਤ ਅਤੇ ਗੁਣਵੱਤਾ ਭਰਪੂਰ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਸਿਹਤ ਵਿਭਾਗ ਦੀ ਪਹਿਲੀ ਤਰਜੀਹ ਹੈ। ਇਸ ਲਈ ਬਰਸਾਤੀ ਮੌਸਮ ਦੌਰਾਨ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਲਗਾਤਾਰ ਨਿਰੀਖਣ ਕੀਤਾ ਜਾਵੇਗਾ ਅਤੇ ਹਰ ਸੰਭਵ ਉਪਰਾਲਾ ਕੀਤਾ ਜਾਵੇਗਾ ਤਾਂ ਜੋ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੁਰੱਖਿਅਤ, ਸਾਫ਼-ਸੁਥਰਾ ਅਤੇ ਸੁਵਿਧਾਜਨਕ ਮਾਹੌਲ ਮਿਲ ਸਕੇ।

# ਬਲਾਚੌਰ ਕੈਂਟਰ ਯੂਨੀਅਨ ਵੱਲੋਂ ਬ੍ਰਿਗੇਡੀਅਰ ਰਾਜ ਕੁਮਾਰ ਨੂੰ ਪੂਰਨ ਸਮਰਥਨ ਦਾ ਐਲਾਨ

## ਪਿੰਡ ਸੁੱਧਾਮਾਜਰਾ ਫਾਰਮ ਵਿਖੇ ਟ੍ਰਾਂਸਪੋਰਟਰਾਂ ਨਾਲ ਹੋਈ ਅਹਿਮ ਮੀਟਿੰਗ; ਸਮੱਸਿਆਵਾਂ ਪਹਿਲ ਦੇ ਅਧਾਰ 'ਤੇ ਹੱਲ ਕਰਨ ਦਾ ਮਿਲਿਆ ਭਰੋਸਾ

**ਬਲਾਚੌਰ, 8 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ):** ਇਲਾਕੇ ਵਿੱਚ ਚੱਲ ਰਹੀਆਂ ਸਿਆਸੀ ਅਤੇ ਸਮਾਜਿਕ ਸਰਗਰਮੀਆਂ ਤਹਿਤ ਅੱਜ ਕੈਂਟਰ ਯੂਨੀਅਨ ਬਲਾਚੌਰ ਦੇ ਪ੍ਰਧਾਨ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਆਏ ਟ੍ਰਾਂਸਪੋਰਟਰਾਂ ਨੇ ਬ੍ਰਿਗੇਡੀਅਰ ਰਾਜ ਕੁਮਾਰ ਨਾਲ ਇੱਕ ਅਹਿਮ ਮੀਟਿੰਗ ਕੀਤੀ। ਇਹ ਮੀਟਿੰਗ ਬ੍ਰਿਗੇਡੀਅਰ ਰਾਜ ਕੁਮਾਰ ਦੇ ਪਿੰਡ ਸੁੱਧਾਮਾਜਰਾ ਸਥਿਤ ਫਾਰਮ ਹਾਊਸ ਵਿਖੇ ਹੋਈ, ਜਿੱਥੇ ਕੈਂਟਰ ਯੂਨੀਅਨ ਦੇ ਅਹੁਦੇਦਾਰਾਂ ਅਤੇ ਹੋਰਨਾਂ ਟ੍ਰਾਂਸਪੋਰਟਰਾਂ ਨੇ ਬੈਠ ਕੇ ਆਪਣੀਆਂ ਦਰਪੇਸ਼ ਮੁਸ਼ਕਿਲਾਂ ਅਤੇ ਸਮੱਸਿਆਵਾਂ ਬ੍ਰਿਗੇਡੀਅਰ ਸਾਹਿਬ ਦੇ ਸਨਮੁੱਖ



ਰੱਖੀਆਂ। ਮੀਟਿੰਗ ਦੌਰਾਨ ਟ੍ਰਾਂਸਪੋਰਟਰਾਂ ਦੀਆਂ ਗੰਭੀਰ ਸਮੱਸਿਆਵਾਂ ਨੂੰ ਸੁਣਨ ਤੋਂ ਬਾਅਦ ਬ੍ਰਿਗੇਡੀਅਰ ਰਾਜ ਕੁਮਾਰ ਨੇ ਯੂਨੀਅਨ ਨੂੰ ਪੂਰਾ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਅਤੇ ਮੁਸ਼ਕਿਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ ਅਤੇ ਉਹ ਹਰ ਮੋੜ 'ਤੇ ਟ੍ਰਾਂਸਪੋਰਟਰਾਂ ਦੇ ਨਾਲ ਖੜ੍ਹੇ ਹਨ। ਬ੍ਰਿਗੇਡੀਅਰ ਵੱਲੋਂ ਮਿਲੇ ਇਸ ਪੁਖਤਾ ਭਰੋਸੇ ਤੋਂ ਬਾਅਦ ਕੈਂਟਰ ਯੂਨੀਅਨ ਬਲਾਚੌਰ ਦੇ ਪ੍ਰਧਾਨ ਅਤੇ ਸਮੂਹ ਟ੍ਰਾਂਸਪੋਰਟਰਾਂ ਨੇ ਇੱਕਸੁਰ ਹੁੰਦਿਆਂ ਬ੍ਰਿਗੇਡੀਅਰ ਰਾਜ ਕੁਮਾਰ ਨੂੰ ਆਪਣਾ ਪੂਰਨ ਸਮਰਥਨ ਦੇਣ ਦਾ ਵੱਡਾ ਐਲਾਨ ਕੀਤਾ।

ਜ਼ਿਕਰਯੋਗ ਹੈ ਕਿ ਬ੍ਰਿਗੇਡੀਅਰ ਰਾਜ ਕੁਮਾਰ ਵੱਲੋਂ ਪੂਰੇ ਇਲਾਕੇ ਵਿੱਚ ਲਗਾਤਾਰ ਕੀਤੀਆਂ ਜਾ ਰਹੀਆਂ ਮੀਟਿੰਗਾਂ ਦਾ ਸਿਲਸਿਲਾ ਬੇਹੱਦ ਧੜਾਧੜ ਚੱਲ ਰਿਹਾ ਹੈ। ਹਰ ਪਿੰਡ ਵਿੱਚੋਂ ਉਨ੍ਹਾਂ ਨੂੰ ਲੋਕਾਂ ਦਾ ਭਰਪੂਰ ਹੁੰਗਾਰਾ ਮਿਲ ਰਿਹਾ ਹੈ ਅਤੇ ਇਲਾਕਾ ਨਿਵਾਸੀ ਕਿਸੇ ਵੀ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਬ੍ਰਿਗੇਡੀਅਰ ਰਾਜ ਕੁਮਾਰ ਦੀ ਸੋਚ ਅਤੇ ਉਨ੍ਹਾਂ ਦੀ ਸਖ਼ਸ਼ੀਅਤ ਨਾਲ ਜੁੜ ਰਹੇ ਹਨ। ਕੈਂਟਰ ਯੂਨੀਅਨ ਵੱਲੋਂ ਮਿਲੇ ਇਸ ਤਾਜ਼ਾ ਸਮਰਥਨ ਨਾਲ ਬ੍ਰਿਗੇਡੀਅਰ ਰਾਜ ਕੁਮਾਰ ਦੀ ਮੁਹਿੰਮ ਨੂੰ ਇਲਾਕੇ ਵਿੱਚ ਹੋਰ ਵੀ ਵੱਡਾ ਬਲ ਮਿਲਿਆ ਹੈ।

# ਨਗਰ ਨਿਗਮ ਚੋਣਾਂ ਵਿੱਚ ਅਕਾਲੀ ਦਲ ਦੇ ਉਮੀਦਵਾਰਾਂ ਨੇ ਕੀਤਾ ਬਿਹਤਰ ਪ੍ਰਦਰਸ਼ਨ, ਹਾਰ ਤੋਂ ਘਬਰਾਉਣ ਵਾਲੇ ਨਹੀਂ : ਸੰਜੀਵ ਤਲਵਾੜ

## ਹਲਕਾ ਇੰਚਾਰਜ ਵੱਲੋਂ ਵਰਕਰਾਂ ਅਤੇ ਉਮੀਦਵਾਰਾਂ ਦੀ ਹੌਸਲਾ ਅਫ਼ਜ਼ਾਈ ਪਹਿਲਾਂ ਨਾਲੋਂ ਦੁਗਣੀ ਮਿਹਨਤ ਨਾਲ ਮੈਦਾਨ ਵਿੱਚ ਉਤਰਨ ਦਾ ਲਿਆ ਅਹਿਦ



**ਹੁਸ਼ਿਆਰਪੁਰ, 8 ਜੁਲਾਈ (ਤਰਸੇਮ ਦੀਵਾਨਾ ) –** ਨਗਰ ਨਿਗਮ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਪਾਰਟੀ ਉਮੀਦਵਾਰਾਂ ਅਤੇ ਵਰਕਰਾਂ ਦਾ ਹੌਸਲਾ ਵਧਾਉਂਦਿਆਂ ਕਿਹਾ ਕਿ ਜਿੱਤ ਅਤੇ ਹਾਰ ਜ਼ਿੰਦਗੀ ਅਤੇ ਸਿਆਸਤ ਵਿੱਚ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਜਿਵੇਂ ਅਖਾੜੇ ਵਿੱਚ ਜਦੋਂ ਦੋ ਭਲਵਾਨ ਘੁਲਦੇ ਹਨ, ਤਾਂ ਉਨ੍ਹਾਂ ਵਿੱਚੋਂ ਇੱਕ ਨੇ ਜਿੱਤਣਾ ਹੁੰਦਾ ਹੈ ਅਤੇ ਇੱਕ ਨੇ ਹਾਰਨਾ ਹੁੰਦਾ ਹੈ। ਪਰ ਹਾਰਨ ਵਾਲਾ ਵਿਅਕਤੀ ਹਿੰਮਤ ਨਹੀਂ ਹਾਰਦਾ, ਬਲਕਿ ਉਹ ਫਿਰ ਤੋਂ ਪਹਿਲਾਂ ਨਾਲੋਂ ਦੁਗਣੀ ਮਿਹਨਤ ਕਰਕੇ ਮੈਦਾਨ ਦੇ ਵਿੱਚ ਉਤਰਦਾ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰਾਂ ਨੇ ਵਿਰੋਧੀ ਹਾਲਾਤਾਂ ਦੇ ਬਾਵਜੂਦ ਬਹੁਤ ਚੰਗਾ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਭਾਵੇਂ ਸਮਾਪਤ ਹੋ ਗਈਆਂ ਹਨ, ਪਰ ਸਾਡੇ ਹਰ ਸਿਰੜੀ ਉਮੀਦਵਾਰ ਦਾ ਹੌਸਲਾ ਅੱਜ ਵੀ ਪਹਿਲਾਂ ਨਾਲੋਂ ਵੱਧ ਬੁਲੰਦ ਹੈ। ਸੰਜੀਵ ਤਲਵਾੜ ਨੇ ਸਮੇਂ ਦੀ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਸਰਕਾਰ ਦੀਆਂ ਧੱਕੇਸ਼ਾਹੀਆਂ, ਦਬਾਅ ਅਤੇ ਬੇਹੱਦ ਵਿਰੋਧੀ ਹਾਲਾਤਾਂ ਦੇ ਬਾਵਜੂਦ ਸਾਡੇ 'ਸ਼ੇਰ' ਦਲੇਰੀ ਨਾਲ ਚੋਣ ਮੈਦਾਨ ਵਿੱਚ ਡਟੇ ਰਹੇ ਅਤੇ ਲੋਕਾਂ ਦੀ ਆਵਾਜ਼ ਬਣ ਕੇ ਹਰ ਸੰਭਵ ਲੜਾਈ ਲੜੀ। ਇਹ ਜਜ਼ਬਾ ਹੀ ਸ਼੍ਰੋਮਣੀ ਅਕਾਲੀ ਦਲ ਦੀ ਅਸਲ ਤਾਕਤ ਹੈ। ਹਲਕਾ ਇੰਚਾਰਜ ਨੇ ਅੱਗੇ ਕਿਹਾ ਕਿ ਹੁਣ ਸਾਡਾ ਫਰਜ਼ ਬਣਦਾ ਹੈ ਕਿ ਇਨ੍ਹਾਂ ਸਮਰਪਿਤ ਉਮੀਦਵਾਰਾਂ, ਆਗੂਆਂ ਅਤੇ ਵਰਕਰਾਂ ਦੀ ਮਿਹਨਤ ਦਾ ਪੂਰਾ ਮਾਣ-ਸਨਮਾਨ ਕੀਤਾ ਜਾਵੇ ਅਤੇ ਹਰ ਇੱਕ ਦੇ ਹੌਸਲੇ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਉਨ੍ਹਾਂ ਪੂਰਨ ਵਿਸ਼ਵਾਸ ਪ੍ਰਗਟਾਇਆ ਕਿ ਸਾਰੇ ਸਾਥੀਆਂ ਦੇ ਸਹਿਯੋਗ, ਏਕਤਾ ਅਤੇ ਅਣਥੱਕ ਮਿਹਨਤ ਨਾਲ ਅਸੀਂ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਪੰਜਾਬ ਦੀ ਇੱਕ ਮਜ਼ਬੂਤ ਅਤੇ ਲੋਕਾਂ ਦੀ ਪਹਿਲੀ ਪਸੰਦ ਵਾਲੀ ਸਿਆਸੀ ਤਾਕਤ ਬਣਾਵਾਂਗੇ। ਉਨ੍ਹਾਂ ਆਖਰ ਵਿੱਚ ਕਿਹਾ ਕਿ 'ਚੜ੍ਹਦੀ ਕਲਾ, ਏਕਤਾ ਅਤੇ ਸੰਘਰਸ਼' ਹੀ ਸਾਡੀ ਅਸਲ ਪਛਾਣ ਹੈ ਅਤੇ ਅਸੀਂ ਲੋਕ ਹਿੱਤਾਂ ਲਈ ਨਿਰੰਤਰ ਸੰਘਰਸ਼ ਜਾਰੀ ਰੱਖਾਂਗੇ। ਫੋਟੋ ਅਜਮੇਰ ਦੀਵਾਨਾ

# ਐਸਸੀ ਔਰਤਾਂ ਦੇ ਪੈਂਡਿੰਗ ਐਸਸੀ ਸਰਟੀਫਿਕੇਟ ਤੁਰੰਤ ਜਾਰੀ ਕੀਤੇ ਜਾਣ,ਮੁੱਖ ਮੰਤਰੀ ਪੰਜਾਬ ਨੂੰ ਭੇਜਿਆ ਮੰਗ ਪੱਤਰ : ਬੇਗਮਪੁਰਾ ਟਾਈਗਰ ਫੋਰਸ

## ਜੇਕਰ ਗਰੀਬ ਲੋਕਾਂ ਦੀਆਂ ਮੰਗਾਂ ਵੱਲ ਤੁਰੰਤ ਧਿਆਨ ਨਾ ਦਿੱਤਾ ਗਿਆ ਤਾਂ ਤਿੱਖਾ ਸੰਘਰਸ਼ ਉਲੀਕਿਆ ਜਾਵੇਗਾ : ਬੰਟੀ,ਰਾਜੂ, ਰਾਹੁਲ



**ਹੁਸ਼ਿਆਰਪੁਰ/ਭੂੰਗਾ, 8 ਜੁਲਾਈ (ਤਰਸੇਮ ਦੀਵਾਨਾ )** - ਬੇਗਮ-ਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹ-ਨੇਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਬੇਗਮਪੁਰਾ ਟਾਈਗਰ ਫੋਰਸ ਦੇ ਹਲਕਾ ਸ਼ਾਮ ਚੁਰਾਸੀ ਦੇ ਪ੍ਰਧਾਨ ਬੰਟੀ ਹਰਿਆਣਾ, ਅਮਰੀਕ ਸਿੰਘ ਰਾਜੂ, ਰਾਹੁਲ ਕਲੋਤਾ, ਰਮਨ, ਰਵਿੰਦਰਾ, ਇਸ਼ਾਨ ਵੱਲੋਂ ਇਲਾਕੇ ਦੇ ਪੱਛੜੇ ਅਤੇ ਐਸ.ਸੀ. ਸਮਾਜ ਦੀਆਂ ਔਰਤਾਂ ਨੂੰ ਆ ਰਹੀਆਂ ਪ੍ਰੇਸ਼ਾਨੀਆਂ ਦੇ ਹੱਲ ਲਈ ਨਾਇਬ ਤਹਿਸੀਲਦਾਰ ਭੂੰਗਾ (ਹੁਸ਼ਿਆਰਪੁਰ) ਦੀ ਗੈਰ ਹਾਜ਼ਰੀ ਵਿੱਚ ਉਹਨਾਂ ਦੇ ਰੀਡਰ ਇਕਬਾਲ ਸਿੰਘ ਰਾਹੀਂ ਮੁੱਖ ਮੰਤਰੀ ਪੰਜਾਬ ਸਰਕਾਰ ਨੂੰ ਇੱਕ ਮੰਗ ਪੱਤਰ ਭੇਜਿਆ ਗਿਆ। ਇਸ ਮੌਕੇ ਜਥੇਬੰਦੀ ਦੇ ਆਗੂਆਂ ਨੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਗਰੀਬ ਲੋਕਾਂ ਦੀਆਂ ਮੰਗਾਂ ਵੱਲ ਤੁਰੰਤ ਧਿਆਨ ਨਾ ਦਿੱਤਾ ਗਿਆ ਤਾਂ ਤਿੱਖਾ ਸੰਘਰਸ਼ ਉਲੀਕਿਆ ਜਾਵੇਗਾ। ਆਗੂਆਂ ਨੇ ਕਿਹਾ ਕਿ ਪਿਛਲੇ ਕਰੀਬ ਚਾਰ ਮਹੀਨਿਆਂ ਤੋਂ ਐਸਸੀ. ਔਰਤਾਂ ਦੇ ਐਸਸੀ ਸਰਟੀਫਿਕੇਟ ਦਫ਼ਤਰਾਂ ਵਿੱਚ ਧੂੜ ਫੱਕ ਰਹੇ ਹਨ। ਇਕੱਲੀ ਹੁਸ਼ਿਆਰਪੁਰ ਤਹਿਸੀਲ ਵਿੱਚ ਲੱਗਭੱਗ 38 ਹਜ਼ਾਰ ਅਤੇ ਟਾਂਡਾ, ਦਸੂਹਾ, ਮੁਕੇਰੀਆਂ ਤੇ ਗੜ੍ਹਸ਼ੰਕਰ ਵਿੱਚ ਵੀ ਹਜ਼ਾਰਾਂ ਕੇਸ ਪੈਂਡਿੰਗ ਹਨ, ਜਿਸ ਕਾਰਨ ਔਰਤਾਂ ਪੈਨਸ਼ਨ ਲਈ ਆਨਲਾਈਨ ਰਜਿਸਟ੍ਰੇਸ਼ਨ ਨਹੀਂ ਕਰਵਾ ਪਾ ਰਹੀਆਂ। ਉਹਨਾਂ ਕਿਹਾ ਕਿ ਪੁਰਾਣੇ ਐਸ.ਸੀ. ਸਰਟੀਫਿਕੇਟ ਡਿਜੀਟਲ ਸਿਸਟਮ ਵਿੱਚ ਸ਼ੋਅ ਨਹੀਂ ਹੋ ਰਹੇ, ਜਿਸ ਕਾਰਨ ਲਾਭਪਾਤਰੀਆਂ ਨੂੰ ਨਵੇਂ ਸਿਰੇ ਤੋਂ ਖੱਜਲ-ਖੁਆਰ ਹੋਣਾ ਪੈ ਰਿਹਾ ਹੈ। ਉਹਨਾ ਕਿਹਾ ਕਿ ਇਹਨਾਂ ਨੂੰ ਤੁਰੰਤ ਆਨਲਾਈਨ ਕੀਤਾ ਜਾਵੇ। ਆਗੂਆਂ ਨੇ ਕਿਹਾ ਕਿ ਰੋਜ਼ਾਨਾ 400-500 ਲਾਭਪਾਤਰੀ ਤਹਿਸੀਲਾਂ ਦੇ ਚੱਕਰ ਕੱਟ ਕੇ ਨਿਰਾਸ਼ ਪਰਤਦੇ ਹਨ। ਜੇਕਰ ਸਰਵਰ ਵਿੱਚ ਕੋਈ ਤਕਨੀਕੀ ਖ਼ਰਾਬੀ ਹੈ, ਤਾਂ ਇਹ ਸਰਟੀਫਿਕੇਟ ਪਟਵਾਰੀਆਂ ਰਾਹੀਂ ਸਬੰਧਤ ਪਿੰਡਾਂ ਦੇ ਸਰਪੰਚਾਂ/ਨੰਬਰਦਾਰਾਂ ਨੂੰ ਸੌਂਪੇ ਜਾਣ ਤਾਂ ਜੋ ਲੋਕਾਂ ਤੱਕ ਸਹੀ ਸਮੇਂ 'ਤੇ ਪਹੁੰਚ ਸਕਣ। ਜੇਕਰ ਪ੍ਰਸ਼ਾਸਨ ਨੇ ਇਨ੍ਹਾਂ ਮਸਲਿਆਂ ਦਾ ਜਲਦੀ ਹੱਲ ਨਾ ਕੀਤਾ, ਤਾਂ ਬੇਗਮਪੁਰਾ ਟਾਈਗਰ ਫੋਰਸ ਇੱਕ ਤਿੱਖੇ ਸੰਘਰਸ਼ ਲਈ ਮਜਬੂਰ ਹੋਵੇਗੀ, ਜਿਸਦੀ ਪੂਰੀ ਜ਼ਿੰਮੇਵਾਰੀ ਸਥਾਨਕ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੀ ਹੋਵੇਗੀ।

**ਫੋਟੋ ਅਜਮੇਰ ਦੀਵਾਨਾ**


# ਜ਼ਿਲਾ ਬਾਲ ਸੁਰੱਖਿਆ ਯੂਨਿਟ ਵੱਲੋਂ ਜੁਵੇਨਾਇਲ ਜਸਟਿਸ ਐਕਟ ਅਤੇ ਪੋਕਸੋ ਐਕਟ ਸੰਬੰਧੀ ਕਰਵਾਇਆ ਗਿਆ ਜਾਗਰੂਕਤਾ ਪ੍ਰੋਗਰਾਮ



**ਨਵਾਂ ਸ਼ਹਿਰ :8 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਜਿਲਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਅਨੁਸਾਰ, ਜਿਲਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਦੀ ਅਗਵਾਈ ਹੇਠ ਅਪੋਲੋ ਸਟਾਰ ਇੰਟਰਨੈਸ਼ਨਲ ਪਬਲਿਕ ਸਕੂਲ ਰਾਹੋਂ ਵਿਖੇ ਮਿਤੀ 8 ਜੁਲਾਈ 2026 ਨੂੰ ਬੱਚਿਆਂ ਨੂੰ ਬਾਲ ਅਧਿਕਾਰਾਂ, ਜੇ ਜੇ ਐਕਟ ਅਤੇ ਪੋਕਸੋ ਐਕਟ ਸਬੰਧੀ ਜਾਗਰੂਕ ਕਰਨ ਲਈ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਦੌਰਾਨ ਜਿਲਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਵੱਲੋਂ ਜੁਵੇਨਾਇਲ ਜਸਟਿਸ ਐਕਟ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਮਿਸ਼ਨ ਵਾਤਸਲਿਆ ਸਕੀਮ ਅਧੀਨ ਬੱਚਿਆਂ ਦੀ ਸੁਰੱਖਿਆ ਨਾਲ ਸੰਬੰਧਿਤ ਦਿੱਤੇ ਗਏ ਪ੍ਰੋਵੀਜ਼ਨਸ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਵਲੋਂ ਪੋਕਸੋ ਐਕਟ ਅਤੇ ਬਾਲ ਅਧਿਕਾਰਾਂ ਬਾਰੇ ਜਾਣਕਾਰੀ ਦਿੰਦੇ ਦੱਸਿਆ ਗਿਆ ਕਿ ਲੜਕੇ ਅਤੇ ਲੜਕੀਆਂ ਦੇ ਸਰਬਪੱਖੀ ਵਿਕਾਸ ਲਈ ਸੁਰੱਖਿਤ ਮਾਹੌਲ ਹੋਣਾ ਜਰੂਰੀ ਹੈ ਜਿਸ ਦੀ ਸਿਰ-ਜਣਾ ਕਰਨ ਲਈ ਸਰਕਾਰ ਵੱਲੋਂ ਬੱਚਿਆਂ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਨ ਲਈ ਪੋਕਸੋ ਐਕਟ ਲਾਗੂ ਕੀਤਾ ਗਿਆ ਹੈ, ਤਾਂ ਜੋ ਜ਼ੀਰੋ ਤੋਂ 18 ਸਾਲ ਦੇ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਣ ਦਾ ਸਾਹਮਣਾ ਨਾ ਕਰਨਾ ਪਵੇ, ਉਹਨਾਂ ਵੱਲੋਂ ਦੱਸਿਆ ਗਿਆ ਕਿ ਪੋਕਸੋ ਐਕਟ ਤਹਿਤ ਜ਼ੀਰੋ ਤੋਂ 18 ਸਾਲ ਤੱਕ ਦੇ ਬੱਚਿਆਂ ਨਾਲ ਕਿਸੇ ਵੀ ਤਰ੍ਹਾਂ ਦਾ ਦੁਰਵਿਵਹਾਰ ਕਰਨ ਵਾਲੇ ਵਿਅਕਤੀ ਲਈ ਸਖਤ ਤੋਂ ਸਖ਼ਤ ਸਜ਼ਾ ਦਾ ਪ੍ਰਾਵਧਾਨ ਹੈ। ਇਸ ਮੌਕੇ ਮੌਜੂਦ ਗੌਰਵ ਸ਼ਰਮਾ ਸੀ ਪੀ ਓ ਆਈ ਸੀ ਵੱਲੋਂ ਬੱਚਿਆਂ ਨੂੰ ਗੁਡ ਟਚ ਅਤੇ ਬੈਡ ਟੱਚ ਸਬੰਧੀ ਜਾਣੂ ਕਰਵਾਇਆ ਗਿਆ ਅਤੇ ਕਿਹਾ ਕਿ ਜੇਕਰ ਕੋਈ ਵੀ ਬੱਚਾ ਕਿਸੇ ਵੀ ਤਰਹਾਂ ਦੇ ਦੁਰਵਿਵਹਾਰ ਦਾ ਸਾਹਮਣਾ ਕਰਦਾ ਹੈ ਤਾਂ ਉਹ ਬੇਝਿਜਕ ਇਸ ਬਾਰੇ ਆਪਣੇ ਮਾਪਿਆਂ ਜਾਂ ਆਪਣੇ ਅਧਿਆਪਕ ਨੂੰ ਦੱਸ ਸਕਦਾ ਹੈ ਤਾਂ ਜੋ ਦੁਰਵਿਵਹਾਰ ਕਰਨ ਵਾਲੇ ਵਿਅਕਤੀ ਖਿਲਾਫ ਪੋਕਸੋ ਐਕਟ ਤਹਿਤ ਪੁਲਿਸ ਵਿਭਾਗ ਦੇ ਸਹਿਯੋਗ ਨਾਲ ਉਚਿਤ ਕਾਰਵਾਈ ਕੀਤੀ ਜਾ ਸਕੇ । ਉਹਨਾਂ ਵੱਲੋਂ ਬੱਚਿਆਂ ਨੂੰ ਅੱਜ ਕੱਲ੍ਹ ਦੇ ਮਾਹੌਲ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਦੀ ਸਲਾਹ ਦਿੱਤੀ ਗਈ। ਮੈਡਮ ਕੰਚਨ ਅਰੋੜਾ ਵੱਲੋਂ ਕਿਹਾ ਗਿਆ ਕਿ ਬੱਚਿਆਂ ਨੂੰ ਆਪਣੇ ਨਾਲ ਪੂਰੇ ਦਿਨ ਵਿੱਚ ਹੋਣ ਵਾਲੀ ਹਰ ਇੱਕ ਗੱਲ ਬਾਰੇ ਆਪਣੇ ਮਾਤਾ ਪਿਤਾ ਜਾ ਫਿਰ ਆਪਣੇ ਅਧਿਆਪਕਾਂ ਨੂੰ ਦਸਣਾ ਚਾਹੀਦਾ ਹੈ ਤਾਂ ਜੋ ਲੋੜ ਅਨੁਸਾਰ ਉਨ੍ਹਾਂ ਨੂੰ ਕਿਸੀ ਵੀ ਮੁਸ਼ਕਲ ਹਾਲਾਤ ਵਿੱਚ ਫਸਣ ਤੋ ਪਹਿਲਾਂ ਬਚਾਇਆ ਜਾ ਸਕੇ । ਇਸਦੇ ਨਾਲ ਹੀ ਉਨ੍ਹਾਂ ਵੱਲੋਂ ਬੱਚਿਆਂ ਨੂੰ ਯੌਨ ਸ਼ੋਸ਼ਣ ਬਾਰੇ ਜਾਣੂੰ ਕਰਵਾਉਣ ਲਈ ਕੋਮਲ ਮੂਵੀ ਵੀ ਦਿਖਾਈ ਗਈ। ਇਸ ਮੌਕੇ ਮੌਜੂਦ ਗੌਰਵ ਸ਼ਰਮਾ ਬਾਲ ਸੁਰੱਖਿਆ ਅਫਸਰ ਆਈ ਸੀ ਵੱਲੋਂ ਬੱਚਿਆਂ ਨਾਲ ਮੌਜੂਦਾ ਸਮਾਂ ਵਿੱਚ ਹੋ ਰਹੇ ਯੋਨਸ਼ੋਸ਼ਣ/ਸ਼ਰੀਰਿਕ ਸ਼ੋਸ਼ਣ/ਭਾਵਨਾਤਮਕ ਸ਼ੋਸ਼ਣ ਤੋਂ ਆਪਣੇ ਬੱਚਿਆਂ ਨੂੰ ਸੁਰੱਖਿਤ ਰੱਖਣ ਲਈ ਅਪੀਲ ਕੀਤੀ ਗਈ ਅਤੇ ਬੱਚਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਸਬੰਧੀ ਖੁੱਲ ਕੇ ਗੱਲਬਾਤ ਕੀਤੀ ਗਈ ਅਤੇ ਕਿਹਾ ਗਿਆ ਕਿ ਜੀਰੋ ਤੋਂ 18 ਸਾਲ ਤੱਕ ਦੇ ਬੱਚਿਆਂ ਨਾਲ ਕਿਸੇ ਵੀ ਤਰਹਾਂ ਦੀ ਕੋਈ ਦਿੱਕਤ ਪੇਸ਼ ਆਉਣ ਤੇ ਇਸ ਸੰਬੰਧੀ ਜਾਣਕਾਰੀ ਜਿਲਾ ਬਾਲ ਸੁਰੱਖਿਆ ਯੂਨਿਟ ਜਾਂ ਚਾਈਲਡ ਹੈਲਪ ਲਾਈਨ ਨੰਬਤ 1098 ਤੇ ਦਿੱਤੀ ਜਾਵੇ। ਉਪਰੋਕਤ ਪ੍ਰੋਗਰਾਮ ਦੌਰਾਨ ਅਪੋਲੋ ਸਟਾਰ ਸਕੂਲ ਦੇ ਮੈਨੇਜਮੈਂਟ ਮੈਂਬਰ ਡਾਕਟਰ ਗੁਰਮੀਤ ਸਿੰਘ , ਸਕੂਲ ਪ੍ਰਿੰਸੀਪਲ ਨਿਜੀ ਤੌਰ ਤੇ ਹਾਜ਼ਰ ਸਨ ਅਤੇ ਉਨ੍ਹਾਂ ਵੱਲੋਂ ਪ੍ਰੋਗਰਾਮ ਦੀ ਸਮਾਪਤੀ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਬੱਚਿਆਂ ਨੂੰ ਮੁੱਖ ਤੌਰ ਤੇ ਪੋਕਸੋ ਐਕਟ ਸੰਬੰਧੀ ਜਾਗਰੂਕ ਕਰਨ ਤੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਅਤੇ ਗੌਰਵ ਸ਼ਰਮਾ ਬਾਲ ਸੁਰੱਖਿਆ ਅਫ਼ਸਰ ਨੂੰ ਸਨਮਾਨਿਤ ਕਰਦੇ ਹੋਏ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਉਕਤ ਪ੍ਰੋਗਰਾਮ ਦੌਰਾਨ ਸਕੂਲੀ ਬੱਚਿਆਂ ਦੇ ਨਾਲ ਨਾਲ ਸਕੂਲ ਸਟਾਫ ਵੀ ਹਾਜ਼ਰ ਸਨ ।

# ਪਿੰਡ ਪ੍ਰੇਮਨਗਰ ਗੁਰਸਿੱਖ ਪਰਿਵਾਰ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ, ਪ੍ਰਸ਼ਾਸਨ ਨੇ ਦਿੱਤਾ ਹੱਲ ਦਾ ਭਰੋਸਾ

**ਨਵਾਂਸ਼ਹਿਰ /ਕਾਠਗੜ੍ਹ 8 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ ) :** ਕਾਠਗੜ੍ਹ ਦੇ ਨੇੜੇ ਪਿੰਡ ਪ੍ਰੇਮ ਨਗਰ ਵਿਖੇ ਇੱਕ ਗੁਰਸਿੱਖ ਪਰਿਵਾਰ ਬੇਹੱਦ ਨਰਕ ਭਰਿਆ ਜੀਵਨ ਬਤੀਤ ਕਰਨ ਲਈ ਮਜਬੂਰ ਹੈ। ਇਸ ਸਬੰਧੀ ਆਪਣਾ ਦਰਦ ਬਿਆਨ ਕਰਦਿਆਂ ਪੀੜਤ ਮਹਿਲਾ ਰੇਖਾ ਰਾਣੀ ਪਤਨੀ ਰਾਜੇਸ਼ ਨੇ ਦੱਸਿਆ ਕਿ ਪੂਰੇ ਪਿੰਡ ਦਾ ਗੰਦਾ ਪਾਣੀ ਉਨ੍ਹਾਂ ਦੇ ਘਰ ਦੇ ਅੱਗੇ ਆ ਕੇ ਜਮ੍ਹਾਂ ਹੋ ਜਾਂਦਾ ਹੈ ਅਤੇ ਇਹ ਪਾਣੀ ਹੁਣ ਉਨ੍ਹਾਂ ਦੇ ਘਰ ਦੇ ਅੰਦਰ ਤੱਕ ਵੜਨਾ ਸ਼ੁਰੂ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਗੰਭੀਰ ਸਮੱਸਿਆ ਬਾਰੇ ਉਨ੍ਹਾਂ ਨੇ ਪਿੰਡ ਦੀ ਸਰਪੰਚ ਇੰਦੂ ਦੇਵੀ ਨੂੰ ਵਾਰ-ਵਾਰ ਗੁਹਾਰ ਲਗਾਈ ਹੈ, ਪਰ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਰੇਖਾ ਰਾਣੀ ਨੇ ਭਰੇ ਮਨ ਨਾਲ ਕਿਹਾ ਕਿ ਨਾ ਤਾਂ ਕੋਈ ਪ੍ਰਸ਼ਾਸਨਿਕ ਅਫ਼ਸਰ ਉਨ੍ਹਾਂ ਦੀ ਫਰਿਆਦ ਸੁਣ ਰਿਹਾ ਹੈ ਅਤੇ ਨਾ ਹੀ ਮੌਜੂਦਾ 'ਆਮ ਆਦਮੀ ਪਾਰਟੀ' ਸਰਕਾਰ ਦਾ ਕੋਈ ਆਗੂ ਜਾਂ ਹਲਕਾ ਵਿਧਾਇਕ ਚੋਣਾਂ ਤੋਂ ਬਾਅਦ ਪਿੰਡ ਪ੍ਰੇਮ ਨਗਰ ਵਿੱਚ ਗੇੜਾ ਮਾਰਨ ਆਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਲੀਡਰਾਂ ਨੂੰ ਇਸ ਗੱਲ ਦਾ ਕੋਈ ਫਿਕਰ ਨਹੀਂ ਹੈ ਕਿ ਕੋਈ ਮਰੇ ਜਾਂ ਜੀਵੇ।

ਪ੍ਰਧਾਨ ਸੁਰਿੰਦਰ ਛਿੰਦਾ ਰੈਲ ਮਾਜਰਾ ਅਤੇ ਪਰਿਵਾਰਕ ਮੈਂਬਰ ਪਾਣੀ ਦੀ ਸਹੀ ਨਿਕਾਸੀ ਨਾ ਹੋਣ ਕਰਕੇ ਪ੍ਰਸ਼ਾਸ਼ਨ ਨੂੰ ਗੁਹਾਰ ਲਗਾਉਂਦੇ ਹੋਏ ਅਤੇ ਗੰਦੇ ਪਾਣੀ ਦੀਆਂ ਤਸਵੀਰਾਂ



ਪੀੜਤ ਪਰਿਵਾਰ ਨੇ ਅੱਜ ਆਪਣੀ ਇਸ ਦਰਦਨਾਕ ਦਾਸਤਾਨ ਪ੍ਰਧਾਨ ਸੁਰਿੰਦਰ ਛਿੰਦਾ ਰੈਲ ਮਾਜਰਾ ਨੂੰ ਦੱਸੀ, ਜਿਸ ਤੋਂ ਬਾਅਦ ਪ੍ਰਧਾਨ ਸੁਰਿੰਦਰ ਛਿੰਦਾ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਮੌਕਾ ਦੇਖਣ ਤੋਂ ਬਾਅਦ ਉਨ੍ਹਾਂ ਪੁਸ਼ਟੀ ਕੀਤੀ ਕਿ ਵਾਕਈ ਇਹ ਪਰਿਵਾਰ ਨਰਕ ਵਰਗੇ ਹਾਲਾਤਾਂ ਵਿੱਚ ਰਹਿ ਰਿਹਾ ਹੈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਸੁਰਿੰਦਰ ਛਿੰਦਾ ਨੇ ਐਸ.ਡੀ.ਐਮ. ਬਲਾਚੌਰ ਨੂੰ ਪੁਰਜ਼ੋਰ ਬੇਨਤੀ ਕੀਤੀ ਕਿ ਇਸ ਲਾਚਾਰ ਪਰਿਵਾਰ ਦੀ ਫੌਰੀ ਮਦਦ ਕੀਤੀ ਜਾਵੇ। ਉਨ੍ਹਾਂ ਬੀ.ਡੀ.ਪੀ.ਓ. ਨੂੰ ਵੀ ਤੁਰੰਤ ਮੌਕਾ ਦੇਖ ਕੇ ਇਸ ਮਸਲੇ ਨੂੰ ਜੜ੍ਹੋਂ ਹੱਲ ਕਰਨ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਪ੍ਰਧਾਨ ਛਿੰਦਾ ਨੇ ਚੇਤਾਵਨੀ ਦਿੰਦਿਆਂ ਆਖਿਆ ਕਿ ਜੇਕਰ ਇਸ ਸਮੱਸਿਆ ਦਾ ਜਲਦ ਕੋਈ ਪੱਕਾ ਹੱਲ ਨਾ ਕੱਢਿਆ ਗਿਆ, ਤਾਂ ਉਹ ਪੀੜਤ ਪਰਿਵਾਰ ਨੂੰ ਨਾਲ ਲੈ ਕੇ ਆਉਂਦੇ ਸੋਮਵਾਰ ਨੂੰ ਬਲਾਕ ਦਫ਼ਤਰ ਦੇ ਅੱਗੇ ਪੱਕੇ ਮੋਰਚੇ 'ਤੇ ਬੈਠ ਜਾਣਗੇ। ਇਸ ਮੌਕੇ ਰੇਖਾ ਪਤਨੀ ਰਾਜੇਸ਼ ਤੋਂ ਇਲ-ਾਵਾ ਅਜੇ ਸਿੰਘ ਅਤੇ ਮੁਲਖ ਰਾਜ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

- ਜਦੋਂ ਇਸ ਮਾਮਲੇ ਸਬੰਧੀ ਐਸ.ਡੀ.ਐਮ. ਬਲਾਚੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਤੁਰੰਤ ਨੋਟਿਸ ਲੈਂਦਿਆਂ ਬੀ.ਡੀ.ਪੀ.ਓ. ਬਲਾਚੌਰ ਨੂੰ ਇਸ ਸਮੱਸਿਆ ਦਾ ਛੇਤੀ ਤੋਂ ਛੇਤੀ ਹੱਲ ਕਰਨ ਦੀਆਂ ਸਖ਼ਤ ਹਦਾਇਤਾਂ ਜਾਰੀ ਕੀਤੀਆਂ। - ਦੂਜੇ ਪਾਸੇ ਜਦੋਂ ਡੀ.ਡੀ.ਪੀ.ਓ. ਨਵਾਂਸ਼ਹਿਰ ਨਾਲ ਰਾਬਤਾ ਕਾਇਮ ਕੀਤਾ ਗਿਆ, ਤਾਂ ਉਨ੍ਹਾਂ ਨੇ ਵੀ ਵਿਸ਼ਵਾਸ ਦਿਵਾਇਆ ਕਿ ਇਸ ਗੰਭੀਰ ਮਸਲੇ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਵਾਇਆ ਜਾਵੇਗਾ।

# 'ਇੱਕ ਸ਼ਾਮ ਸ਼ਾਇਰੀ ਦੇ ਨਾਮ' ਨੇ ਨਿੰਮਾ ਲੁਹਾਰਕਾ ਦੀਆਂ ਯਾਦਾਂ ਕੀਤੀਆਂ ਤਾਜ਼ਾ

## ਆਜ਼ਾਦ ਭਗਤ ਸਿੰਘ ਵਿਰਾਸਤ ਮੰਚ ਵੱਲੋਂ ਕਰਵਾਇਆ ਵਿਸ਼ਾਲ ਕਵੀ ਸੰਮੇਲਨ, ਦਲਜੀਤ ਸੋਨਾ ਦੇ ਉਪਰਾਲੇ ਦੀ ਹੋਈ ਭਰਪੂਰ ਸ਼ਲਾਘਾ









**ਅੰਮ੍ਰਿਤਸਰ, 9 ਜੁਲਾਈ (ਗੁਰਭਿੰਦਰ ਗੁਰੀ):** ਪੰਜਾਬੀ ਸਾਹਿਤ, ਸ਼ਾਇਰੀ ਅਤੇ ਸੱਭਿਆਚਾਰ ਨੂੰ ਸਮਰਪਿਤ ਇੱਕ ਯਾਦਗਾਰੀ ਸ਼ਾਮ ਉਸ ਵੇਲੇ ਸਾਕਾਰ ਹੋਈ ਜਦੋਂ ਆਜ਼ਾਦ ਭਗਤ ਸਿੰਘ ਵਿਰਾਸਤ ਮੰਚ ਵੱਲੋਂ ਸਾਡਾ ਨਾਟ ਘਰ, ਅੰਮ੍ਰਿਤਸਰ ਵਿਖੇ ਸਵਰਗਵਾਸੀ ਪ੍ਰਸਿੱਧ ਗੀਤਕਾਰ ਨਿੰਮਾ ਲੁਹ-ਾਰਕਾ ਦੀ ਪਵਿੱਤਰ ਯਾਦ ਨੂੰ ਸਮਰਪਿਤ ਵਿਸ਼ਾਲ ਕਵੀ ਸੰਮੇਲਨ ਕਰਵਾਇਆ ਗਿਆ। "ਇੱਕ ਸ਼ਾਮ ਸ਼ਾਇਰੀ ਦੇ ਨਾਮ" ਸਿਰਲੇਖ ਹੇਠ ਹੋਏ ਇਸ ਸਮਾਗਮ ਵਿੱਚ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਪੁੱਜੇ ਕਵੀਆਂ, ਸ਼ਾਇਰਾਂ, ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਕੇ ਨਿੰਮਾ ਲੁਹਾਰਕਾ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ।

ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਉਸਤਾਦ ਸ਼ਾਇਰ ਉਲਫਤ ਬਟਾਲਵੀ, ਸਤਬੀਰ ਸਿੰਘ, ਡਾ. ਰਾਜਬੀਰ ਕੌਰ ਬੀਰ ਗਰੇਵਾਲ ਅਤੇ ਡਾ. ਜਸਵਿੰਦਰ ਨੇ ਹਾਜ਼ਰੀ ਭਰੀ। ਆਪਣੇ ਸੰਬੋਧਨ ਵਿੱਚ ਡਾ. ਰਾਜਬੀਰ ਕੌਰ ਬੀਰ ਗਰੇਵਾਲ ਨੇ ਕਿਹਾ ਕਿ ਸਵਰਗਵਾਸੀ ਨਿੰਮਾ ਲੁਹਾਰਕਾ ਦੀ ਯਾਦ ਵਿੱਚ ਅਜਿਹਾ ਸਾ-ਹਿਤਕ ਸਮਾਗਮ ਕਰਵਾਉਣਾ ਦਲਜੀਤ ਸੋਨਾ ਵੱਲੋਂ ਇੱਕ ਬੇਹੱਦ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਸਾਹਿਤ ਅਤੇ ਕਲਾ ਸਮਾਜ ਦੀ ਰੂਹ ਹੁੰਦੇ ਹਨ ਅਤੇ ਅਜਿਹੇ ਸਮਾਗਮ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਉਸਤਾਦ ਸ਼ਾਇਰ ਉਲਫਤ ਬਟਾਲਵੀ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਨਿੰਮਾ ਲੁਹ-ਾਰਕਾ ਦੀਆਂ ਰਚਨਾਵਾਂ ਪੰਜਾਬੀ ਸਾਹਿਤ ਦੀ ਅਨਮੋਲ ਧਰੋਹਰ ਹਨ। ਉਨ੍ਹਾਂ ਕਿਹਾ ਕਿ ਚੰਗਾ ਸਾਹਿਤ ਕਦੇ ਨਹੀਂ ਮਰਦਾ ਅਤੇ ਮਹਾਨ ਲੇਖਕ ਆਪਣੀਆਂ ਰਚਨਾਵਾਂ ਰਾਹੀਂ ਸਦੀਆਂ ਤੱਕ ਲੋਕਾਂ ਦੇ ਦਿਲਾਂ ਵਿੱਚ ਜਿਉਂਦੇ ਰਹਿੰਦੇ ਹਨ।

ਕਵੀ ਸੰਮੇਲਨ ਵਿੱਚ ਸਤਿੰਦਰ ਸਿੰਘ ਓਠੀ, ਇਕਵਾਕ ਸਿੰਘ ਪੱਟੀ, ਮਨਿੰਦਰ ਸਿੰਘ ਨੁਸ਼ਹਿਰਾ, ਡਾ. ਰਾਜਬੀਰ ਕੌਰ ਬੀਰ ਗਰੇਵਾਲ, ਸਾਹਿਲ ਮਲਹੋ-ਤਰਾ, ਅਰਜੁਨ ਗੁਪਤਾ, ਜਸਵਿੰਦਰ ਕੌਰ, ਗੁਰਮਨਦੀਪ ਸਿੰਘ, ਪ੍ਰਭਜੋਤ ਕੌਰ, ਹਰਸ਼, ਸਾਹਿਬ, ਯੁਵਰਾਜ ਅਤੇ ਵਾਨੀ ਸਮੇਤ ਕਈ ਉੱਘੇ ਅਤੇ ਉਭਰਦੇ ਕਵੀਆਂ ਨੇ ਆਪਣੀਆਂ ਕਵਿਤਾਵਾਂ, ਗ਼ਜ਼ਲਾਂ ਅਤੇ ਨਜ਼ਮਾਂ ਪੇਸ਼ ਕਰਦਿਆਂ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ। ਹਾਲ ਤਾਲੀਆਂ ਦੀ ਗੂੰਜ ਨਾਲ ਵਾਰ-ਵਾਰ ਗੂੰਜਦਾ ਰਿਹਾ ਅਤੇ ਦਰਸ਼ਕਾਂ ਨੇ ਹਰ ਰਚਨਾ ਨੂੰ ਭਰਪੂਰ ਦਾਦ ਦਿੱਤੀ।

ਸਮਾਗਮ ਦਾ ਮੰਚ ਸੰਚਾਲਨ ਅਨਮੋਲ ਸਿੰਘਾ ਨੇ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਸੰਜੀਦੇ ਅੰਦਾਜ਼ ਵਿੱਚ ਕੀਤਾ। ਇਸ ਤੋਂ ਇਲਾਵਾ ਯੁਵਲੀਨ ਕੌਰ ਨੇ ਆਪਣੀ ਸ਼ਾਨਦਾਰ ਨ੍ਰਿਤ ਪੇਸ਼ਕਾਰੀ ਨਾਲ ਸੱਭਿਆਚਾਰਕ ਰੰਗ ਭਰਦਿਆਂ ਸਮਾਗਮ ਨੂੰ ਹੋਰ ਵੀ ਰੌਣਕਮਈ ਬਣਾ ਦਿੱਤਾ।

ਇਸ ਮੌਕੇ ਸਾਹਿਤਕਾਰ ਅਤੇ ਰੰਗਕਰਮੀ ਦਲਜੀਤ ਸੋਨਾ ਦੀ ਨਵੀਂ ਨਾਟਕ ਪੁਸਤਕ 'ਫੀਕੋ' ਦਾ ਵੀ ਵਿਧੀਵਤ ਲੋਕ ਅਰਪਣ ਕੀਤਾ ਗਿਆ। ਬੁਲਾਰਿਆਂ ਨੇ ਪੁਸਤਕ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਇਸ ਨੂੰ ਪੰਜਾਬੀ ਰੰਗਮੰਚ ਅਤੇ ਸਾਹਿਤ ਲਈ ਇੱਕ ਮਹੱਤਵਪੂਰਨ ਯੋਗਦਾਨ ਦੱਸਿਆ।


ਸਮਾਗਮ ਦੌਰਾਨ ਸਵਰਗਵਾਸੀ ਨਿੰਮਾ ਲੁਹਾਰਕਾ ਦੀ ਧਰਮਪਤਨੀ ਸ਼੍ਰੀਮਤੀ ਰਾਜਵਿੰਦਰ ਕੌਰ ਅਤੇ ਉਨ੍ਹਾਂ ਦੇ ਪੁੱਤਰ ਗੁਰਮਨਦੀਪ ਸਿੰਘ ਗੈਰੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਚਿੰਨ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਉਸਤਾਦ ਸ਼ਾਇਰ ਉਲਫਤ ਬਟਾਲਵੀ, ਡਾ. ਰਾਜਬੀਰ ਕੌਰ ਬੀਰ ਗਰੇਵਾਲ, ਸਤਬੀਰ ਸਿੰਘ, ਡਾ. ਜਸਵਿੰਦਰ ਕੌਰ ਅਤੇ ਸਾਹਿਲ ਮਲਹੋਤਰਾ ਨੂੰ ਵੀ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ ਗਿਆ।

ਦਲਜੀਤ ਸੋਨਾ ਅਤੇ ਮਨਿੰਦਰ ਸਿੰਘ ਨੁਸ਼ਹਿਰਾ ਵੱਲੋਂ ਸਮਾਗਮ ਵਿੱਚ ਭਾਗ ਲੈਣ ਵਾਲੇ ਸਾਰੇ ਕਵੀਆਂ ਨੂੰ ਸਨਮਾਨ ਪੱਤਰ ਦੇ ਕੇ ਉਨ੍ਹਾਂ ਦੀ ਸਾਹਿਤਕ ਸੇਵਾ ਦਾ ਮਾਣ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਹਾਜ਼ਰ ਮਹਿਮਾਨਾਂ ਅਤੇ ਦਰਸ਼ਕਾਂ ਲਈ ਰਿਫਰੈਸ਼ਮੈਂਟ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

ਭਾਵਨਾਵਾਂ, ਸਾਹਿਤ, ਸ਼ਾਇਰੀ ਅਤੇ ਸੱਭਿਆਚਾਰ ਨਾਲ ਰੰਗਿਆ ਇਹ ਸਮਾਗਮ ਹਰ ਪੱਖੋਂ ਸਫ਼ਲ ਅਤੇ ਯਾਦਗਾਰ ਸਾਬਤ ਹੋਇਆ। ਹਾਜ਼ਰ ਸਾਹਿਤਕਾਰਾਂ ਅਤੇ ਦਰਸ਼ਕਾਂ ਨੇ ਇਸ ਉਪਰਾਲੇ ਨੂੰ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਲਈ ਇੱਕ ਮਹੱਤਵਪੂਰਨ ਕਦਮ ਕਰਾਰ ਦਿੰਦਿਆਂ ਆਯੋਜਕਾਂ ਨੂੰ ਵਧਾਈ ਦਿੱਤੀ। ਸਮਾਗਮ ਨੇ ਸਵਰਗਵਾਸੀ ਨਿੰਮਾ ਲੁਹਾਰਕਾ ਦੀਆਂ ਯਾਦਾਂ ਨੂੰ ਮੁੜ ਸੁਰਜੀਤ ਕਰਦਿਆਂ ਪੰਜਾਬੀ ਸ਼ਾਇਰੀ ਅਤੇ ਸਾਹਿਤ ਦੇ ਪ੍ਰੇਮੀਆਂ ਦੇ ਮਨਾਂ 'ਤੇ ਅਮਿੱਟ ਛਾਪ ਛੱਡੀ।

# ਮੰਗੀ ਬੱਗਾ ਮੰਗਤ ਸਿੰਘ ਗਏ ਗੋ ਬੱਗਾ ਪਿੰਡ ਦਾ ਮਾਣ, ਕਬੱਡੀ ਦਾ ਬਾਦਸ਼ਾਹ ਲਿਖਤ: ਗੋਲਡੀ ਢਿੱਲੋਂ

**ਕਨੈਡਾ (ਹਰਜਿੰਦਰ ਪਾਲ ਛਾਬੜਾ)** ਜਦੋਂ ਵੀ ਪੰਜਾਬ ਦੀ ਸਰਕਲ ਕਬੱਡੀ ਦੇ ਮਹਾਨ ਸਟਾਪਰਾਂ ਦਾ ਜ਼ਿਕਰ ਹੁੰਦਾ ਹੈ, ਤਾਂ ਮੰਗੀ ਬੱਗਾ ਦਾ ਨਾਮ ਸਤਿਕਾਰ ਨਾਲ ਲਿਆ ਜਾਂਦਾ ਹੈ। ਮੰਗਤ ਸਿੰਘ ਉਰਫ਼ ਮੰਗੀ ਬੱਗਾ ਦਾ ਜਨਮ 12 ਮਾਰਚ 1984 ਨੂੰ ਜ਼ਿਲ੍ਹਾ ਜਲੰਧਰ ਦੇ ਬੱਗਾ ਪਿੰਡ ਵਿੱਚ ਹੋਇਆ। ਬਚਪਨ ਤੋਂ ਹੀ ਉਹਨਾਂ ਨੂੰ ਕਬੱਡੀ ਅਤੇ ਕੁਸ਼ਤੀ ਦਾ ਮਾਹੌਲ ਮਿਲਿਆ, ਜਿਸ ਨੇ ਉਹਨਾਂ ਦੀ ਖੇਡ ਨੂੰ ਮਜ਼ਬੂਤ ਨੀਂਹ ਦਿੱਤੀ।ਮੰਗੀ ਬੱਗਾ ਨੇ 1998 ਦੇ ਆਸ-ਪਾਸ ਕਬੱਡੀ ਖੇਡਣੀ ਸ਼ੁਰੂ ਕੀਤੀ ਅਤੇ ਹੌਲੀ-ਹੌਲੀ ਪੰਜਾਬ ਦੇ ਸਭ ਤੋਂ ਭਰੋਸੇਮੰਦ ਸਟਾਪਰਾਂ ਵਿੱਚ ਆਪਣੀ ਪਛਾਣ ਬਣਾਈ। ਉਹਨਾਂ ਦੀ ਤਾਕਤ, ਟਾਈਮਿੰਗ ਅਤੇ ਇਕੱਲੇ ਜੱਫੇ ਨਾਲ ਵੱਡੇ-ਵੱਡੇ ਰੇਡਰਾਂ ਨੂੰ ਰੋਕਣ ਦੀ ਸਮਰੱਥਾ ਨੇ ਉਹਨਾਂ ਨੂੰ ਦਰਸ਼ਕਾਂ ਦਾ ਚਹੇਤਾ ਬਣਾ ਦਿੱਤਾ।ਸਰਕਲ ਕਬੱਡੀ ਦੇ ਇਤਿਹਾਸ ਵਿੱਚ ਮੰਗੀ ਬੱਗਾ ਦਾ ਨਾਮ ਵਿਸ਼ੇਸ਼ ਤੌਰ 'ਤੇ ਵਿਸ਼ਵ ਕੱਪਾਂ ਕਰਕੇ ਯਾਦ ਕੀਤਾ ਜਾਂਦਾ ਹੈ। 2010 ਦੇ ਪਹਿਲੇ ਸਰਕਲ ਕਬੱਡੀ ਵਿਸ਼ਵ ਕੱਪ ਵਿੱਚ ਉਹ ਭਾਰਤੀ ਟੀਮ ਦੇ ਕਪਤਾਨ ਰਹੇ ਅਤੇ ਟੂਰਨਾਮੈਂਟ ਦੇ ਸਰਵੋਤਮ ਸਟਾਪਰ ਚੁਣੇ ਗਏ।ਇਸ ਤੋਂ ਬਾਅਦ 2011 ਦੇ ਸਰਕਲ ਕਬੱਡੀ ਵਿਸ਼ਵ ਕੱਪ ਵਿੱਚ ਵੀ ਮੰਗੀ ਬੱਗਾ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਦੁਬਾਰਾ ਬੈਸਟ ਸਟਾਪਰ ਦਾ ਸਨਮਾਨ ਆਪਣੇ ਨਾਮ ਕੀਤਾ। ਇਹ ਉਪਲਬਧੀ ਉਹਨਾਂ ਨੂੰ ਕਬੱਡੀ ਦੇ ਮਹਾਨ ਡਿਫੈਂਡਰਾਂ ਦੀ ਕਤਾਰ ਵਿੱਚ ਖੜ੍ਹਾ ਕਰਦੀ ਹੈ।ਮੰਗੀ ਬੱਗਾ ਨੇ ਸਿਰਫ਼ ਭਾਰਤ ਹੀ ਨਹੀਂ, ਸਗੋਂ ਕੈਨੇਡਾ, ਇੰਗਲੈਂਡ, ਅਮਰੀਕਾ, ਦੁਬਈ ਅਤੇ ਹੋਰ ਕਈ ਦੇਸ਼ਾਂ ਦੇ ਵੱਡੇ ਕਬੱਡੀ ਟੂਰਨਾਮੈਂਟਾਂ ਵਿੱਚ ਵੀ ਆਪਣੀ ਛਾਪ ਛੱਡੀ। ਉਹਨਾਂ ਦੀ ਖੇਡ ਵਿੱਚ ਤਾਕਤ ਦੇ ਨਾਲ-




ਨਾਲ ਸਬਰ, ਸਮਝਦਾਰੀ ਅਤੇ ਟੀਮ ਲਈ ਖੇਡਣ ਦਾ ਜਜ਼ਬਾ ਵੀ ਨਜ਼ਰ ਆਉਂਦਾ ਹੈ ।

ਕਬੱਡੀ ਪ੍ਰੇਮੀਆਂ ਵੱਲੋਂ ਉਹਨਾਂ ਨੂੰ ਅਕਸਰ "ਕਿੰਗ" ਦੇ ਨਾਂ ਨਾਲ ਸੱਦਿਆ ਜਾਂਦਾ ਹੈ। ਅੱਜ ਵੀ ਉਹ ਨੌਜਵਾਨ ਖਿਡਾਰੀਆਂ ਨੂੰ ਪ੍ਰੇਰਿਤ ਕਰ ਰਹੇ ਹਨ ਅਤੇ ਖੇਡ ਰਾਹੀਂ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਰਹਿਣ ਦਾ ਸੰਦੇਸ਼ ਦਿੰਦੇ ਹਨ। ਮੰਗੀ ਬੱਗਾ ਦੀ ਕਹਾਣੀ ਸਿਰਫ਼ ਇੱਕ ਖਿਡਾਰੀ ਦੀ ਨਹੀਂ, ਸਗੋਂ ਉਸ ਪੰਜਾਬੀ ਜਜ਼ਬੇ ਦੀ ਕਹਾਣੀ ਹੈ ਜੋ ਮਿਹਨਤ, ਹੌਸਲੇ ਅਤੇ ਇਮਾਨਦਾਰੀ ਨਾਲ ਦੁਨੀਆ ਭਰ ਵਿੱਚ ਆਪਣੀ ਪਛਾਣ ਬਣਾਉਂਦਾ ਹੈ।ਸਟਾਪ ਤਾਂ ਬਹੁਤਿਆਂ ਨੇ ਮਾਰੇ, ਪਰ ਜਦੋ ਡਰ ਰੇਡਰ ਦੇ ਦਿਲ ਵਿੱਚ ਪੈਦਾ ਹੋਵੇ, ਉਹ ਮੰਗੀ ਬੱਗਾ ਦੀ ਪਛਾਣ ਸੀ।Veirifed ihghilghts:

Real name: Mangat iSngh (Manig Bagga)

Born: 12 March 1984, Bagga ivllage, Shahkot, Jalandhar idstirct

Poisiton: Stopper

Captian of Inidai n the ifrst iCrcle Style Kabadid World Cup (2010)


Best Stopper – 2010 World Cup

Best Stopper – 2011 World cups

# ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ ਨੇ ਮਨਾਇਆ 78ਵਾਂ ਸਥਾਪਨਾ ਦਿਵਸ, ਵਿਦਿਆਰਥੀ ਸ਼ਕਤੀ ਨੂੰ ਰਾਸ਼ਟਰ ਨਿਰਮਾਣ ਦੀ ਤਾਕਤ ਦੱਸਿਆ

**ਚੰਡੀਗੜ੍ਹ, 9 ਜੁਲਾਈ (ਗੁਰਭਿੰਦਰ ਗੁਰੀ):** ਵਿਸ਼ਵ ਦੇ ਸਭ ਤੋਂ ਵੱਡੇ ਵਿਦਿਆਰਥੀ ਸੰਗਠਨਾਂ ਵਿੱਚੋਂ ਇੱਕ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ (ਏਬੀਵੀਪੀ) ਨੇ ਬੁੱਧਵਾਰ ਨੂੰ ਆਪਣਾ 78ਵਾਂ ਸਥਾਪਨਾ ਦਿਵਸ ਉਤਸ਼ਾਹ ਅਤੇ ਜੋਸ਼ ਨਾਲ ਮਨਾਇਆ। ਇਸ ਮੌਕੇ ਪਰਿਸ਼ਦ ਦੇ ਅਹੁਦੇਦਾਰਾਂ ਅਤੇ ਕਾਰਕੁਨਾਂ ਨੇ ਸੰਗਠਨ ਦੇ ਗੌਰਵਮਈ ਇਤਿਹਾਸ, ਉਦੇਸ਼ਾਂ ਅਤੇ ਵਿਦਿਆਰਥੀ ਹਿੱਤਾਂ ਲਈ ਨਿਭਾਈ ਭੂਮਿਕਾ ਨੂੰ ਯਾਦ ਕਰਦਿਆਂ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਸਰਗਰਮ ਯੋਗਦਾਨ ਪਾਉਣ ਦਾ ਸੱਦਾ ਦਿੱਤਾ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਇਕਾਈ ਦੇ ਜੁਆਇੰਟ ਸਕੱਤਰ ਸਵਾਸਤਿਕ ਗੌਤਮ ਨੇ ਸਥਾਪਨਾ ਦਿਵਸ ਮੌਕੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ ਨੇ ਪਿਛਲੇ 78 ਸਾਲਾਂ ਦੌਰਾਨ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ, ਵਿਦਿਆਰਥੀ ਹਿੱਤਾਂ ਦੀ ਰੱਖਿਆ, ਸਮਾਜਿਕ ਜ਼ਿੰਮੇਵਾਰੀ ਅਤੇ ਰਾਸ਼ਟਰੀ ਚੇਤਨਾ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਸਮੇਂ ਦੇ ਬਦਲਦੇ ਦੌਰ ਨੂੰ ਧਿਆਨ ਵਿੱਚ



ਰੱਖਦਿਆਂ ਸੰਗਠਨ ਨੇ ਡਿਜ਼ੀਟਲ ਤਕਨਾਲੋਜੀ ਅਤੇ ਸੋਸ਼ਲ ਮੀਡੀਆ ਰਾਹੀਂ ਵਿਦਿਆਰਥੀਆਂ ਨਾਲ ਆਪਣਾ ਸੰਪਰਕ ਹੋਰ ਪ੍ਰਭਾਵਸ਼ਾਲੀ ਬਣਾਇਆ ਹੈ।

ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਰੋਜ਼ਗਾਰ, ਹੁਨਰ ਵਿਕਾਸ, ਸਮਾਜਿਕ ਅਸਮਾਨਤਾ, ਵਾਤਾਵਰਣ ਸੁਰੱਖਿਆ ਅਤੇ ਤਕਨਾਲੋਜੀ ਨਾਲ ਜੁੜੀਆਂ ਚੁਣੌਤੀਆਂ ਦੇ ਮੱਦੇਨਜ਼ਰ ਵਿਦਿਆਰਥੀਆਂ ਨੂੰ ਕੇਵਲ ਅਕਾਦਮਿਕ ਸਿੱਖਿਆ ਹੀ ਨਹੀਂ, ਸਗੋਂ ਨੇਤ੍ਰਿਤਵ, ਸਮਾਜ ਸੇਵਾ ਅਤੇ ਰਾਸ਼ਟਰੀ ਜ਼ਿੰਮੇਵਾਰੀ ਲਈ ਵੀ ਤਿਆਰ ਕਰਨ ਦੀ ਲੋੜ ਹੈ। ਇਸ ਦਿਸ਼ਾ ਵਿੱਚ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ ਲਗਾਤਾਰ ਕਾਰਜ ਕਰ ਰਹੀ ਹੈ।

ਸਵਾਸਤਿਕ ਗੌਤਮ ਨੇ ਕਿਹਾ ਕਿ ਭਾਰਤ ਦੀ ਵਿਭਿੰਨਤਾ ਹੀ ਉਸ ਦੀ ਸਭ ਤੋਂ ਵੱਡੀ ਤਾਕਤ ਹੈ ਅਤੇ ਵਿਦਿਆਰਥੀ ਸੰਗਠਨਾਂ ਨੂੰ ਸੰਵਾਦ, ਸਹਿਯੋਗ ਅਤੇ ਆਪਸੀ ਸਤਿਕਾਰ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਰਿਸ਼ਦ ਆਉਣ ਵਾਲੇ ਸਮੇਂ ਵਿੱਚ ਵੀ ਦੇਸ਼ ਭਰ ਦੇ ਸਿੱਖਿਆ ਸੰਸਥਾਨਾਂ ਵਿੱਚ ਆਪਣੀ ਸਰਗਰਮੀ ਨੂੰ ਹੋਰ ਵਿਸਤਾਰ ਦੇਵੇਗੀ ਅਤੇ ਵਿਦਿਆਰਥੀਆਂ ਵਿੱਚ ਨੇਤ੍ਰਿਤਵ ਸਮਰੱਥਾ, ਸਮਾਜਿਕ ਜ਼ਿੰਮੇਵਾਰੀ ਅਤੇ ਰਾਸ਼ਟਰ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਰਹੇਗੀ।

ਉਨ੍ਹਾਂ ਕਿਹਾ ਕਿ 78ਵਾਂ ਸਥਾਪਨਾ ਦਿਵਸ ਸਿਰਫ਼ ਇੱਕ ਜਸ਼ਨ ਨਹੀਂ, ਸਗੋਂ ਵਿਦਿਆਰਥੀ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਹੋਰ ਦ੍ਰਿੜ੍ਹਤਾ ਨਾਲ ਨਿਭਾਉਣ ਦਾ ਸੰਕਲਪ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਿੱਖਿਆ ਦੇ ਨਾਲ-ਨਾਲ ਸਮਾਜਿਕ ਸੇਵਾ, ਰਾਸ਼ਟਰੀ ਏਕਤਾ ਅਤੇ ਦੇਸ਼ ਦੇ ਸਰਵਪੱਖੀ ਵਿਕਾਸ ਵਿੱਚ ਆਪਣਾ ਸਰਗਰਮ ਯੋਗਦਾਨ ਪਾਉਣ।

ਇਸ ਮੌਕੇ ਪਰਿਸ਼ਦ ਦੇ ਕਾਰਕੁਨਾਂ ਨੇ ਇੱਕ-ਦੂਜੇ ਨੂੰ 78ਵੇਂ ਸਥਾਪਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਵਿਦਿਆਰਥੀ ਹਿੱਤਾਂ ਅਤੇ ਰਾਸ਼ਟਰ ਨਿਰਮਾਣ ਲਈ ਸਮਰਪਿਤ ਹੋ ਕੇ ਕੰਮ ਕਰਨ ਦਾ ਸੰਕਲਪ ਦੁਹਰਾਇਆ।

# ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਫਲਸਫੇ ਦਾ ਪ੍ਰਚਾਰ ਕਰਨਗੀਆਂ ਡਿਜੀਟਲ ਵੈਨਾਂ: ਚੇਅਰਮੈਨ ਸਤਨਾਮ ਜਲਾਲਪੁਰ

## ਬਲਾਚੌਰ ਦੇ ਟੂੰਡੇਵਾਲ ਵਿਖੇ ਹੋਇਆ ਵਿਸ਼ਾਲ ਇਕੱਠ, 'ਆਪ' ਵਰਕਰਾਂ ਨਾਲ ਕੀਤੀ ਅਹਿਮ ਮੀਟਿੰਗ

**ਬਲਾਚੌਰ, 8 ਜੁਲਾਈ ( ਜਤਿੰਦਰ ਪਾਲ ਸਿੰਘ ਕਲੇਰ ):** ਜ਼ਿਲ੍ਹਾ ਪਲੈਨਿੰਗ ਬੋਰਡ ਐਸ.ਬੀ.ਐਸ. ਨਗਰ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਵੱਲੋਂ ਅੱਜ ਪਿੰਡ ਟੂੰਡੇਵਾਲ ਵਿਖੇ ਇੱਕ ਵਿਸ਼ਾਲ ਜਨਤਕ ਇਕੱਠ ਅਤੇ ਪਾਰਟੀ ਵਰਕਰਾਂ ਨਾਲ ਅਹਿਮ ਮੀਟਿੰਗ ਕੀਤੀ ਗਈ। ਇਕੱਠ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਜਲਾਲਪੁਰ ਨੇ ਦਾਅਵਾ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਇਤਿਹਾਸਕ ਅਤੇ ਲੋਕ-ਪੱਖੀ ਕੰਮਾਂ ਸਦਕਾ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰਕੇ ਦੂਜੀ ਵਾਰ ਆਪਣੀ ਸਰਕਾਰ ਬਣਾਵੇਗੀ। ਸ੍ਰੀ ਗੁਰੂ ਰਵਿਦਾਸ ਜੀ ਦੇ ਆਉਣ ਵਾਲੇ 650ਵੇਂ ਜਨਮ ਦਿਵਸ ਨੂੰ ਸਮਰਪਿਤ ਐਲ.ਈ.ਡੀ. ਸਕ੍ਰੀਨਾਂ ਵਾਲੀਆਂ ਵੈਨਾਂ ਰਾਹੀਂ ਪਿੰਡਾਂ ਵਿੱਚ ਗੁਰੂ ਸਾਹਿਬ ਦੇ ਜੀਵਨ, ਉੱਚੇ ਫਲਸਫੇ ਅਤੇ ਸਿੱਖਿਆਵਾਂ 'ਤੇ ਅਧਾਰਤ 30 ਮਿੰਟ ਦੀ ਵਿਆਪਕ ਦਸਤਾਵੇਜ਼ੀ ਫਿਲਮ ਦਿਖਾਈ ਜਾਵੇਗੀ।ਹਰ ਘਰ ਨੂੰ 300 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ 18 ਸਾਲ ਤੋਂ ਵੱਧ ਉਮਰ ਦੀਆਂ ਮਹਿਲਾਵਾਂ ਨੂੰ ਐਸ ਸੀ ਵਰਗ: 1500 ਰੁਪਏ ਅਤੇ ਜਨਰਲ ਵਰਗ: 1000 ਰੁਪਏ ਮਾਸਿਕ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਬਜ਼ੁਰਗਾਂ ਲਈ ਮੁਫ਼ਤ 'ਤੀਰਥ ਯਾਤਰਾ ਸਕੀਮ' ਅਤੇ ਕੰਢੀ ਖੇਤਰ ਦੇ ਕਿਸਾਨਾਂ ਲਈ 'ਲਿਫਟ ਇਰੀਗੇਸ਼ਨ' ਰਾਹੀਂ ਨਹਿਰੀ ਪਾਣੀ ਪਹੁੰਚਾਇਆ



ਗਿਆ ਹੈ।ਪੰਜਾਬ ਭਰ ਵਿੱਚ 'ਆਮ ਆਦਮੀ ਕਲੀਨਿਕ', 'ਸਕੂਲ ਆਫ਼ ਐਮੀਨੈਂਸ' ਅਤੇ ਪਿੰਡਾਂ ਵਿੱਚ ਨਵੇਂ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ। ਨਸ਼ਾ ਤਸਕਰਾਂ ਅਤੇ ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਚੇਅਰਮੈਨ ਜਾਲਾਲਪੁਰ ਨੇ ਸਮੂਹ ਵਰਕਰਾਂ ਨੂੰ ਸਰਕਾਰ ਦੀਆਂ ਇਨ੍ਹਾਂ ਲੋਕ-ਪੱਖੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਦਾ ਸੱਦਾ ਦਿੱਤਾ।

ਇਸ ਮੌਕੇ ਹੋਈ ਅਹਿਮ ਮੀਟਿੰਗ ਦੌਰਾਨ ਇਲਾਕੇ ਦੇ ਪ੍ਰਮੁੱਖ ਆਗੂਆਂ ਅਤੇ ਪਤਵੰਤਿਆਂ ਵਿੱਚ ਪਰਮਜੀਤ ਸਰਪੰਚ, ਸ਼ਾਮ ਲਾਲ ਸਾਬਕਾ ਸਰਪੰਚ ਟੂੰਡੇਵਾਲ, ਜਗਨ ਨਾਥ ਟੂੰਡੇਵਾਲ, ਸੇਠੀ ਰਾਮ (ਲਾਲਾ), ਬਾਲਕਿਸ਼ਾਨ, ਸਿੰਦਰਪਾਲ, ਰਾਮ ਸਰੂਪ, ਦੇਵਰਾਜ, ਕੇਵਲ ਕ੍ਰਿਸ਼ਨ, ਰਾਜ ਕੁਮਾਰ, ਸਰਵਣ ਕੁਮਾਰ, ਕਮਲ ਕੁਮਾਰ, ਮਹਿੰਦਰ ਪਾਲ, ਮਨੀਸ਼ ਕੁਮਾਰ, ਧੀਰਜ, ਹਜ਼ਾਰੀ, ਖ਼ੁਸ਼ੀ ਰਾਮ ਅਤੇ ਦਵਿੰਦਰ ਸਮੇਤ ਵੱਡੀ ਗਿਣਤੀ ਵਿੱਚ ਪੰਚ-ਸਰਪੰਚ ਅਤੇ ਪਾਰਟੀ ਵਰਕਰ ਹਾਜ਼ਰ ਸਨ।

# ਡਾ. ਪਰਮਜੀਤ ਲਾਲ ਨੇ ਲੈਫ਼. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਵਿਖੇ ਸੀਨੀਅਰ ਮੈਡੀਕਲ ਅਫਸਰ ਵਜੋਂ ਅਹੁਦਾ ਸੰਭਾਲਿਆ

**ਬਲਾਚੌਰ, 08 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਡਾ. ਪਰਮਜੀਤ ਲਾਲ ਨੇ ਲੈਫ਼. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਵਿਖੇ ਬਤੌਰ ਸੀਨੀਅਰ ਮੈਡੀਕਲ ਅਫਸਰ ਆਪਣਾ ਅਹੁਦਾ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਮੌਕੇ ਹਸਪਤਾਲ ਦੇ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ਼ ਵੱਲੋਂ ਉਨ੍ਹਾਂ ਦਾ ਗੁਲਦਸਤਾ ਭੇਟ ਕਰਕੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਡਾ. ਪਰਮਜੀਤ ਲਾਲ ਨੇ ਹਸਪਤਾਲ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨਾਲ ਪਲੇਠੀ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਮਰੀਜ਼ਾਂ ਨੂੰ ਸਮੇਂ ਸਿਰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਨਿਸ਼ਠਾ ਨਾਲ ਕੰਮ ਕੀਤਾ ਜਾਵੇ। ਉਨ੍ਹਾਂ



ਹਦਾਇਤ ਕਰਦੇ ਹੋਏ ਕਿਹਾ ਕਿ ਉਹ ਜ਼ਿਲ੍ਹੇ ਵਿਚ ਰਾਸ਼ਟਰੀ ਅਤੇ ਸੂਬਾਈ ਸਿਹਤ ਪ੍ਰੋਗਰਾਮਾਂ ਦੇ ਨਿਰਧਾਰਿਤ ਟੀਚੇ ਪੂਰੇ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪੂਰੀ ਕੋਸ਼ਿਸ਼ ਹੋਵੇਗੀ ਕਿ ਹਸਪਤਾਲ ਵਿੱਚ ਇਲਾਜ ਕਰਾਉਣ ਸਮੇਂ ਮਰੀਜ਼ਾਂ ਨੂੰ ਕਿਸੇ ਵੀ ਕਿਸਮ ਦੀ ਕੋਈ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਇਲਾਜ ਲਈ ਮੁਫਤ ਦਵਾਈਆਂ ਸਮੇਤ ਸਾਰੀਆਂ ਲੋੜੀਂਦੀਆਂ ਸਹੂਲਤਾਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਹੀ ਮਿਲ ਜਾਣ। ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਸਹੂਲਤਾਂ ਨੂੰ ਹੋਰ ਮਜ਼ਬੂਤ ਬਣਾਉਣ, ਸਟਾਫ਼ ਨਾਲ ਸਹਿਯੋਗ ਭਾਵਨਾ ਨਾਲ ਕੰਮ ਕਰਨ ਅਤੇ ਮਰੀਜ਼ਾਂ ਦੀ ਸੰਤੁਸ਼ਟੀ ਨੂੰ ਪ੍ਰਾਥਮਿਕਤਾ ਦੇਣਾ ਉਨ੍ਹਾਂ ਦੀ ਪਹਿਲ ਰਹੇਗੀ। ਉਨ੍ਹਾਂ ਇਹ ਵੀ ਕਿਹਾ ਕਿ ਹਸਪਤਾਲ ਵਿੱਚ ਚੱਲ ਰਹੀਆਂ ਸਿਹਤ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇਗਾ ਤਾਂ ਜੋ ਇਲਾਕੇ ਦੇ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਦਾ ਲਾਭ ਮਿਲ ਸਕੇ।

# ਪਿੰਡ ਰੈਲਮਾਜਰਾ ਦੇ ਉੱਘੇ ਸਮਾਜ ਸੇਵੀ ਅਤੇ ਗਰੀਬਾਂ ਦੇ ਮਸੀਹਾ ਗੱਜਣ ਸਿੰਘ ਚੌਹਾਨ ਬਣੇ 'ਪੰਜਾਬ ਬਾਜ਼ੀਗਰ ਸਭਾ' ਦੇ ਪ੍ਰਧਾਨ, ਇਲਾਕੇ ਵਿੱਚ ਖੁਸ਼ੀ ਦੀ ਲਹਿਰ

**ਨਵਾਂਸ਼ਹਿਰ , 8 ਜੁਲਾਈ (ਜਤਿੰਦਰਪਾਲ ਸਿੰਘ ਕਲੇਰ)**: ਪਿੰਡ ਰੈਲਮਾਜਰਾ ਦੇ ਉੱਘੇ ਸਮਾਜ ਸੇਵੀ, ਗਰੀਬਾਂ ਅਤੇ ਲੋੜਵੰਦਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਹਰਮਨ ਪਿਆਰੇ ਸਿਆਸੀ ਤੇ ਸਮਾਜਿਕ ਆਗੂ ਗੱਜਣ ਸਿੰਘ ਚੌਹਾਨ ਦੇ ਸਿਰ ਉਸ ਸਮੇਂ ਇੱਕ ਹੋਰ ਵੱਕਾਰੀ ਤਾਜ ਸਜ ਗਿਆ, ਜਦੋਂ ਉਨ੍ਹਾਂ ਨੂੰ ਸਰਬਸੰਮਤੀ ਨਾਲ 'ਪੰਜਾਬ ਬਾਜ਼ੀਗਰ ਸਭਾ' ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਖ਼ਬਰ ਦੇ ਸਾਹਮਣੇ ਆਉਂਦਿਆਂ ਹੀ ਪਿੰਡ ਰੈਲਮਾਜਰਾ ਸਮੇਤ ਪੂਰੇ ਹਲਕੇ ਅੰਦਰ ਖੁਸ਼ੀ ਅਤੇ ਜਸ਼ਨ ਦਾ ਮਾਹੌਲ ਬਣ ਗਿਆ ਹੈ ਅਤੇ ਵੱਖ-ਵੱਖ ਵਰਗਾਂ ਵੱਲੋਂ ਇਸ ਨਿਯੁਕਤੀ ਦਾ ਜ਼ੋਰਦਾਰ ਸਵਾਗਤ ਕੀਤਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਗੱਜਣ ਸਿੰਘ ਚੌਹਾਨ ਪਿਛਲੇ ਲੰਮੇ ਸਮੇਂ ਤੋਂ ਇਲਾਕੇ ਦੀ ਚੜ੍ਹਦੀ ਕਲਾ ਅਤੇ ਲੋਕ ਭਲਾਈ ਦੇ ਕਾਰਜਾਂ ਲਈ ਨਿਰੰਤਰ ਕਾਰਜਸ਼ੀਲ ਹਨ। ਉਹ ਪਿਛਲੇ ਸਮੇਂ ਦੌਰਾਨ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਲੋਕ ਸਭਾ ਦੀ ਚੋਣ ਵੀ ਪੂਰੀ ਦ੍ਰਿੜ੍ਹਤਾ ਨਾਲ ਲੜ ਚੁੱਕੇ ਹਨ। ਚੋਣਾਂ ਦੇ ਦੌਰਾਨ ਅਤੇ ਉਸ ਤੋਂ ਬਾਅਦ ਵੀ ਉਨ੍ਹਾਂ ਨੇ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਲੋਕਾਂ ਨੂੰ ਹਮੇਸ਼ਾ ਆਪਣਾ ਪਰਿਵਾਰ ਮੰਨਿਆ ਅਤੇ ਲੋਕਾਂ ਨੂੰ ਬਣਦਾ ਪੂਰਾ ਮਾਣ-ਸਤਿਕਾਰ ਦਿੱਤਾ। ਹਰ ਔਖੇ-ਸੌਖੇ ਵੇਲੇ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਵਾਲੇ ਚੌਹਾਨ ਦੀ ਇਸੇ ਨਿਸ਼ਕਾਮ ਸੇਵਾ ਭਾਵਨਾ, ਦੂਰਅੰਦੇਸ਼ੀ ਅਤੇ ਬਿਹਤਰੀਨ



ਲੀਡਰਸ਼ਿਪ ਦੇ ਗੁਣਾਂ ਨੂੰ ਦੇਖਦੇ ਹੋਏ ਪੰਜਾਬ ਬਾਜ਼ੀਗਰ ਸਭਾ ਵੱਲੋਂ ਉਨ੍ਹਾਂ ਨੂੰ ਇਸ ਅਹਿਮ ਅਹੁਦੇ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਪੰਜਾਬ ਬਾਜ਼ੀਗਰ ਸਭਾ ਦੇ ਨਵ-ਨਿਯੁਕਤ ਪ੍ਰਧਾਨ ਗੱਜਣ ਸਿੰਘ ਚੌਹਾਨ ਨੇ ਇਸ ਮੌਕੇ ਸਭਾ ਦੀ ਹਾਈਕਮਾਂਡ, ਸਮੂਹ ਅਹੁਦੇਦਾਰਾਂ ਅਤੇ ਹਲਕੇ ਦੇ ਇਲਾਕਾ ਨਿਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਭਾ ਵੱਲੋਂ ਸੌਂਪੀ ਗਈ ਇਸ ਵੱਡੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਤਨਦੇਹੀ ਅਤੇ ਨਿਸ਼ਠਾ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਸਮਾਜ ਦੇ ਪੱਛੜੇ, ਗਰੀਬ ਅਤੇ ਲੋੜਵੰਦ ਵਰਗਾਂ ਦੇ ਹੱਕਾਂ ਦੀ ਆਵਾਜ਼ ਨੂੰ ਸਰਕਾਰਾਂ ਅਤੇ ਪ੍ਰਸ਼ਾਸਨ ਤੱਕ ਪਹੁੰਚਾਉਣਾ ਅਤੇ ਸਭ ਦਾ ਸਰਵਪੱਖੀ ਵਿਕਾਸ ਯਕੀਨੀ ਬਣਾਉਣਾ ਹੀ ਉਨ੍ਹਾਂ ਦਾ ਮੁੱਖ ਮਕਸਦ ਰਹੇਗਾ। ਉਨ੍ਹਾਂ ਦੁਹਰਾਇਆ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਲੋਕਾਂ ਨੇ ਉਨ੍ਹਾਂ ਨੂੰ ਜੋ ਅਥਾਹ ਪਿਆਰ ਅਤੇ ਸਤਿਕਾਰ ਬਖਸ਼ਿਆ ਹੈ, ਉਹ ਉਸ ਦੇ ਹਮੇਸ਼ਾ ਰਿਣੀ ਰਹਿਣਗੇ ਅਤੇ ਲੋਕਾਂ ਦੀ ਸੇਵਾ ਲਈ ਉਨ੍ਹਾਂ ਦੇ ਬੂਹੇ ਹਮੇਸ਼ਾ ਖੁੱਲ੍ਹੇ ਰਹਿਣਗੇ।

**ਇਹ ਪ੍ਰਮੁੱਖ ਸ਼ਖਸੀਅਤਾਂ ਨੇ ਦਿੱਤੀ ਵਧਾਈ**

ਗੱਜਣ ਸਿੰਘ ਚੌਹਾਨ ਦੇ ਪ੍ਰਧਾਨ ਬਣਨ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਅਤੇ ਵਧਾਈਆਂ ਦੇਣ ਵਾਲਿਆਂ ਵਿੱਚ ਪ੍ਰਧਾਨ ਸੁਰਿੰਦਰ ਸ਼ਿੰਦਾ ਰੈਲਮਾਜਰਾ , ਕਸ਼ਮੀਰ ਸਿੰਘ ਪੱਪੀ, ਸੱਜਣ ਸਿੰਘ, ਦਿਲਬਾਗ ਸਿੰਘ ਰਿੰਕੂ, ਮੱਖਣ ਰਾਮ, ਪਾਲਾ, ਸੱਤਪਾਲ, ਬਲਵੀਰ ਸਿੰਘ, ਰਣਜੀਤ ਸਿੰਘ ਚੇਅਰਮੈਨ, ਸਿੰਗਾਰਾ ਰਾਮ, ਸੁਰੇਸ਼, ਕ੍ਰਿਸ਼ਨ ਕੁਮਾਰ, ਗਿਆਨ ਚੰਦ, ਜੀਤ ਪ੍ਰਧਾਨ (ਚੱਕ ਫੁੱਲ ਮੱਦੀ), ਪ੍ਰਧਾਨ ਹੁਸ਼ਿਆਰਪੁਰ ਤੋਂ ਛਿੰਦਾ, ਘਨੋਲੀ ਤੋਂ ਬਿੱਟੂ, ਘਨੋਲੀ ਤੋਂ ਬਾਬਾ ਭਗਤ ਰਾਮ, ਸਾਬਕਾ ਸਰਪੰਚ ਜੀਤ ਰਾਮ, ਸਲੀਮ, ਬਾਬਾ ਛਿੰਦਾ ਸੂਰਤਾਪੁਰ ਤੋਂ ਰਿੰਕੂ ਸੂਰਤਾਪੂਰ ਤੋਂ ਰਿੰਕੂ, ਘਨੋਲੀ ਤੋਂ ਰਿੰਕੂ, ਹੋਂਡੋ ਬੇਟ ਤੋਂ ਰੋਹੀ ਰਾਮ ਬਨੂੰੜ ਤੋਂ ਕ੍ਰਿਸ਼ਨ ਬਨੂੜ ਤੋਂ ਸਤਪਾਲ ਬਨੂੰੜ ਤੋਂ ਕੁਲਦੀਪ ਤਲਾਣੀਆਂ ਤੋਂ ਦੇਸ ਰਾਜ ਅਤੇ ਵਿਖਾਸੀ ਰਾਮ ਸਮੇਤ ਸਮੂਹ ਇਲਾਕਾ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਨ੍ਹਾਂ ਸਾਰੇ ਪਤਵੰਤਿਆਂ ਨੇ ਉਮੀਦ ਜਤਾਈ ਕਿ ਚੌਹਾਨ ਦੀ ਯੋਗ ਅਗਵਾਈ ਹੇਠ ਸਭਾ ਅਤੇ ਸਮਾਜ ਭਲਾਈ ਦੇ ਕਾਰਜਾਂ ਨੂੰ ਹੋਰ ਵੱਡੀ ਮਜ਼ਬੂਤੀ ਮਿਲੇਗੀ।

# ਨਸ਼ਾ ਤਸਕਰਾਂ ਖ਼ਿਲਾਫ਼ ਕਾਠਗੜ੍ਹ ਪੁਲਿਸ ਦੀ ਵੱਡੀ ਕਾਰਵਾਈ: ਆਸਰੋਂ ਚੌਂਕੀ ਪੁਲਿਸ ਵੱਲੋਂ ਹੈਰੋਇਨ ਸਮੇਤ ਇੱਕ ਕਾਬੂ

**ਨਵਾਂਸ਼ਹਿਰ /ਕਾਠਗੜ੍ਹ, 8 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** : ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਐਸ.ਐਸ.ਪੀ. ਤੁਸ਼ਾਰ ਗੁਪਤਾ ਅਤੇ ਡੀ.ਐਸ.ਪੀ. ਬਲਾਚੌਰ ਹੇਮੰਤ ਮਲਹੋਤਰਾ ਦੀ ਅਗਵਾਈ ਹੇਠ ਨਸ਼ਾ ਤਸਕਰਾਂ ਅਤੇ ਮਾੜੇ ਅਨਸਰਾਂ ਖ਼ਿਲਾਫ਼ ਵਿੱਢੀ ਗਈ ਵਿਸ਼ੇਸ਼ ਮੁਹਿੰਮ ਨੂੰ ਉਸ ਸਮੇਂ ਇੱਕ ਵੱਡੀ ਸਫ਼ਲਤਾ ਮਿਲੀ, ਜਦੋਂ ਥਾਣਾ ਕਾਠਗੜ੍ਹ ਦੇ ਐਸ.ਐਚ.ਓ. ਅਭਿਸ਼ੇਕ ਸ਼ਰਮਾ ਦੀ ਦੇਖ-ਰੇਖ ਹੇਠ ਆਸਰੋਂ ਚੌਂਕੀ ਦੇ ਇੰਚਾਰਜ ਏ.ਐਸ.ਆਈ. ਸੰਦੀਪ ਕੁਮਾਰ ਅਤੇ ਉਨ੍ਹਾਂ ਦੀ ਪੁਲਿਸ ਪਾਰਟੀ ਨੇ ਮੁਸਤੈਂਦੀ ਦਿਖਾਉਂਦੇ ਹੋਏ ਇੱਕ ਵਿਅਕਤੀ ਨੂੰ ਹੈਰੋਇਨ (ਚਿੱਟੇ) ਸਮੇਤ ਗ੍ਰਿਫ਼ਤਾਰ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ।

ਮਿਲੀ ਜਾਣਕਾਰੀ ਅਨੁਸਾਰ, ਆਸਰੋਂ ਚੌਂਕੀ ਦੇ ਇੰਚਾਰਜ ਏ.ਐਸ.ਆਈ. ਸੰਦੀਪ ਕੁਮਾਰ ਸਮੇਤ ਹੋਰ ਪੁਲਿਸ ਮੁਲਾਜ਼ਮਾਂ ਗਸ਼ਤ ਦੌਰਾਨ ਕਾਠਗੜ੍ਹ ਤੋਂ ਪਿੰਡ ਮਾਜਰਾ ਵੱਲ ਜਾ ਰਹੇ ਸਨ। ਜਦੋਂ ਪੁਲਿਸ ਪਾਰਟੀ ਚੈਕਿੰਗ ਕਰਦੀ ਹੋਈ ਨੇੜੇ ਖੱਡ ਜਮੀਤਗੜ੍ਹ ਭੱਲਿਆ ਪਹੁੰਚੀ, ਤਾਂ ਸਾਹਮਣਿਓ ਆਸਰੋਂ ਦੀ ਤਰਫ਼ੋਂ ਪੈਦਲ ਆ ਰਿਹਾ ਇੱਕ ਮੋਨਾ ਵਿਅਕਤੀ ਸਾਹਮਣੇ ਪੁਲਿਸ ਦੀ ਗੱਡੀ ਨੂੰ ਦੇਖ ਕੇ ਘਬਰਾ ਗਿਆ। ਉਹ ਵਿਅਕਤੀ ਪੁਲਿਸ ਪਾਰਟੀ ਨੂੰ ਦੇਖ ਕੇ ਪਿੱਛੇ ਮੁੜਨ ਲੱਗਾ ਅਤੇ ਆਪਣੀ ਪੈਂਟ ਦੀ ਜੇਬ ਵਿੱਚੋਂ ਇੱਕ ਪਾਰਦਰਸ਼ੀ ਲਿਫ਼ਾਫ਼ੀ ਕੱਢ ਕੇ ਸੜਕ ਕਿਨਾਰੇ ਘਾਹ-ਫੂਸ



ਵਿੱਚ ਸੁੱਟ ਦਿੱਤੀ। ਪੁਲਿਸ ਪਾਰਟੀ ਨੇ ਮੁਸਤੈਦੀ ਦਿਖਾਉਂਦੇ ਹੋਏ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਉਸ ਵਿਅਕਤੀ ਨੂੰ ਤੁਰੰਤ ਕਾਬੂ ਕਰ ਲਿਆ। ਜਿਸਦੀ ਪਛਾਣ ਰੋਹਿਤ ਕੁਮਾਰ ਪੁੱਤਰ ਸਰਵਣ ਕੁਮਾਰ ਵਾਸੀ ਪਿੰਡ ਕਮਾਮ ਵਜੋਂ ਹੋਈ। ਜਦੋਂ ਲਿਫ਼ਾਫ਼ੀ ਦੀ ਜਾਂਚ ਕੀਤੀ ਗਈ ਤਾਂ ਉਸ ਵਿੱਚੋਂ 3 ਗ੍ਰਾਮ (ਹੈਰੋਇਨ) ਬਰਾਮਦ ਹੋਈ। ਪੁਲਿਸ ਵੱਲੋਂ ਆਰੋਪੀ ਨੂੰ ਗ੍ਰਿਫ਼ਤਾਰ ਕਰਦਿਆਂ ਮਾਮਲਾ ਦਰਜ ਕਰ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ।

# ਵੋ ਸੱਤਰ ਦਿਨ (4)



ਐਡਿਲੀਡ ਵਿੱਚ ਅਸੀ ਬਹੁਤਾਂ ਸਮਾਂ ਘਰੇ ਹੀ ਰਹਿੰਦੇ ਸੀ। ਬੇਟਾ ਕੰਮ ਤੇ ਤੇ ਪੋਤੀ ਸਕੂਲ ਜਾਂਦੀ ਸੀ। ਵਹੀਕਲ ਕੋਈ ਸਾਨੂੰ ਚਲਾਉਣਾ ਨਹੀਂ ਸੀ ਆਉਂਦਾ। ਉਂਜ ਜੇ ਸਰੀਰ ਇਜਾਜ਼ਤ ਦਿੰਦਾ ਤਾਂ ਅਸੀਂ ਜਿੰਨਾ ਮਰਜ਼ੀ ਘੁੰਮ ਸਕਦੇ ਸੀ। ਪ੍ਰੰਤੂ ਪੈਟਨ ਟੈਂਕ ਵਰਗੀ ਦੇਹ ਅਤੇ ਢਿਚਕੂ ਢਿਚਕੂ ਕਰਦੀਆਂ ਲੱਤਾਂ ਨਾਲ ਸੱਤ ਸੌ ਅੱਠ ਸੌ ਮੀਟਰ ਤੋਂ ਵੱਧ ਨਹੀਂ ਜਾਇਆ ਜਾ ਸਕਦਾ ਸੀ। ਪੂਰੇ ਪਰਿਵਾਰ ਨਾਲ ਅਸੀਂ ਬਹੁਤ ਜਗ੍ਹਾ ਘੁੰਮੇ ਬੀਚ, ਮਾਲ, ਸੁਪਰ ਸਟੋਰ, ਕੰਪਨੀ ਆਊਟਲੈਟਸ, ਪਾਰਕ ਹਿੱਲੀ ਏਰੀਆ ਤੇ ਵੱਖ ਵੱਖ ਰੈਸਟੋਰੇਂਟ। ਤਕਰੀਬਨ ਕੋਈ ਨਾ ਕੋਈ ਪ੍ਰੋਗਰਾਮ ਬਣਿਆ ਹੀ ਰਹਿੰਦਾ ਸੀ। ਜਿਸ ਬਾਰੇ ਮੈਂ ਨਾਲ ਦੀ ਨਾਲ ਲਿਖਦਾ ਰਹਿੰਦਾ ਸੀ। ਪੋਤੀ ਸੁਖਮਣੀ ਅਕਸਰ ਹੀ ਕੁੱਝ ਨਾ ਕੁਝ ਕਲਾਕ੍ਰਿਤੀ ਬਣਾਉਂਦੀ ਰਹਿੰਦੀ। ਬੀਡਜ, ਮੋਤੀ, ਸਿਤਾਰੇ, ਬਲਾਕਸ ਜੋੜਕੇ।

"ਦਾਦੂ ਦੇਖੋਂ ਮੈਂ ਕ਼ੀ ਬਣਾਇਆ ਹੈ।" ਆਪਣੇ ਹੱਥੀ ਬਣਾਈ ਚੀਜ਼ ਉਹ ਮੈਥੋਂ ਪਾਸ ਕਰਾਉਣ ਆਉਂਦੀ। ਸ਼ਾਬਾਸ਼ੇ ਲੈ ਕੇ ਓਹ ਖੁਸ਼ ਹੋ ਜਾਂਦੀ। ਜਿਵੇਂ ਉਸਨੂੰ ਸਰਟੀਫਿਕੇਟ ਮਿਲ ਗਿਆ ਹੋਵੇ। ਆਪਣੀ ਮਜਬੂਰੀ ਕਰਕੇ ਅਸੀਂ ਇੱਕ ਗੱਲੋਂ ਉਸਨੂੰ ਖੁਸ਼ ਨਾ ਕਰ ਸਕੇ। ਦੂਜਿਆਂ ਦੇ ਦਾਦਾ ਦਾਦੀ ਆਪਣੇ ਪੋਤੇ ਪੋਤੀਆਂ ਨੂੰ ਸਕੂਲ ਛੱਡਣ ਅਤੇ ਲੈਣ ਆਉਂਦੇ ਸਨ। ਅਸੀਂ ਪੋਤੀ ਦੀ ਇਹ ਰੀਝ ਪੂਰੀ ਨਾ ਕਰ ਸਕੇ।

"ਤੁਹਾਡੇ ਦਾਦਾ ਦਾਦੀ ਹੈਗੇ? ਮੇਰੀਆਂ ਫਰੈਂਡਜ਼ ਮੈਨੂੰ ਪੁੱਛਦੀਆਂ ਹਨ। ਪਰ ਮੈਂ ਚੁੱਪ ਕਰ ਜਾਂਦੀ ਹਾਂ।" ਮੇਰੀ ਪੋਤੀ ਨੇ ਕਿਹਾ।

"ਕਿਉਂ" ਮੈਂ ਪੁੱਛਿਆ।

"ਕਿਓੱਕੀ ਉਹ ਕਹਿਗੇ ਕਿ ਤੈਨੂੰ ਲੈਣ ਕਿਉਂ ਨਹੀਂ ਆਉਂਦੇ?" ਉਸ ਦੇ ਜਵਾਬ ਨੇ ਮੈਨੂੰ ਝੰਜੋੜ ਦਿੱਤਾ। ਪਰ ਸਾਡੀ ਮਜਬੂਰੀ ਸੀ। ਪੋਤੀ ਸੁਖਮਣੀ ਦੀਆਂ ਇਹ ਗੱਲਾਂ ਸੁਣਨ ਨੂੰ ਹੀ ਤਰਸੇ ਪਏ ਸੀ। ਹੁਣ ਪਰਮਾਤਮਾ ਨੇ ਇਹ ਸਤੱਤਰ ਦਿਨ ਇਹ ਗੱਲਾਂ ਸੁਣਨ ਲਈ ਹੀ ਬਖਸ਼ੇ ਸਨ। ਅਸੀਂ ਉਸ ਦੇ ਡੱਬਵਾਲੀ ਚ ਬਿਤਾਏ ਦਿਨਾਂ ਬਾਰੇ ਪੁੱਛਦੇ। ਉਹ ਆਪਣੀਆਂ ਸਹੇਲੀਆਂ ਮਹਿਕ ਤੇ ਸ਼ਗੁਨ ਦੀ ਗੱਲ ਕਰਦੀ। ਉਹ ਸਾਡੀ ਪੁਰਾਣੀ ਕੁੱਕ ਸੋਨੀਆ ਨੂੰ ਨਹੀਂ ਭੁੱਲੀ। ਉਸ ਨੂੰ ਉਹ ਸੋਨੀ ਆਖਦੀ ਹੁੰਦੀ ਸੀ ਤੇ ਕੰਮਵਾਲੀ ਮੰਜੂ ਨੂੰ ਜੰਜੂ ਆਖਦੀ ਸੀ। ਉਹ ਵਿਸਕੀ ਨੂੰ ਵੀ ਯਾਦ ਕਰਦੀ। ਬਾਕੀ ਪਰਿਵਾਰ ਨੂੰ ਤਾਂ ਯਾਦ ਕਰਨਾ ਹੀ ਸੀ। ਉਹ ਆਪਣੀ ਸਾਢੇ ਤਿੰਨ ਸਾਲ ਦੀ ਉਮਰ ਦੀ ਯਾਦਾਸ਼ਤ ਸਦਕਾ ਸਾਢੇ ਤਿੰਨ ਸਾਲ ਪੁਰਾਣੀਆਂ ਗੱਲਾਂ ਨੂੰ ਯਾਦ ਕਰਕੇ ਖੁਸ਼ ਹੁੰਦੀ। ਬੱਚਿਆਂ ਨੂੰ ਵੱਡਿਆਂ ਵਾਂਗੂ ਫਰੈਂਡਜ਼ ਪਿਆਰੇ ਹੁੰਦੇ ਹਨ। ਜਿੱਥੇ ਉਹ ਪੁਰਾਣਿਆ ਨੂੰ ਨਹੀਂ ਭੁੱਲੀ ਉਥੇ ਉਹ ਆਪਣੀਆਂ ਮੌਜੂਦਾ ਫਰੈਂਡਜ਼ ਵਿੱਚ ਪੂਰੀ ਖੁਸ਼ ਸੀ। ਸਾਨੂੰ ਉਸਦੀ ਹੱਸਣ, ਰੁੱਸਣ ਤੇ ਜ਼ਿੱਦ ਕਰਨ ਦੀ ਹਰ ਅਦਾ ਪਿਆਰੀ ਲੱਗਦੀ। ਕਿਓੱਕੀ ਇਹ ਵੇਖਣ ਲਈ ਤਾਂ ਅਸੀਂ ਇੰਨੀ ਦੂਰ ਗਏ ਸੀ। ਉਸਨੂੰ ਵੇਖਕੇ ਖੁਸ਼ ਹੁੰਦੇ ਤਾਂ ਇਧਰ ਇੰਡੀਆ ਵਿੱਚ ਸਾਡੇ ਨਾਲ ਰੁੱਸੀ ਹੋਈ ਛੋਟੀ ਪੋਤੀ ਰੌਣਕ ਨੂੰ ਵੇਖਕੇ ਉਦਾਸ ਹੋ ਜਾਂਦੇ। ਉਹ ਸਾਡੇ ਨਾਲ ਵੀਡੀਓ ਕਾਲ ਨਾ ਕਰਦੀ। ਵੇਖਕੇ ਮੂੰਹ ਫੇਰ ਲੈਂਦੀ। ਇਹ ਵੀ ਪੋਤੀ ਸੀ ਤੇ ਇਸਦਾ ਗੁੱਸਾ ਵੀ ਜਾਇਜ ਸੀ। ਹੰ ਇਹ ਵੀ ਸਾਢੇ ਤਿੰਨ ਸਾਲ ਦੀ ਹੀ ਸੀ। ਫਿਰ ਵੀ ਅਸੀਂ ਵੱਡੀ ਸੁਖਮਨੀ ਨੂੰ ਖੁਸ਼ ਰੱਖਣ ਤੇ ਪਿਆਰ ਦੇਣ ਦੀ ਕੋਸ਼ਿਸ਼ ਕਰਦੇ। ਕਿਓੱਕੀ ਸਾਡੇ ਕੋਲ੍ਹ ਉਸੇਦੇ ਸਾਥ ਲਈ ਇਹ ਸੀਮਤ ਸਤੱਤਰ ਦਿਨ ਹੀ ਸਨ।

ਊਂ ਗੱਲ ਆ ਇੱਕ।

**ਰਮੇਸ਼ ਸੇਠੀ ਬਾਦਲ**
**9876627233**

# ਬਰਸਾਤੀ ਮੌਸਮ ਦੇ ਮੱਦੇਨਜ਼ਰ ਕਾਠਗੜ੍ਹ ਪੰਚਾਇਤ ਵੱਲੋਂ ਹੜ੍ਹਾਂ ਤੋਂ ਬਚਾਅ ਲਈ ਤਿਆਰੀਆਂ ਤੇਜ਼; ਚੋਅ ਦੀ ਸਫ਼ਾਈ ਦਾ ਕੰਮ ਸ਼ੁਰੂ





**ਬਲਾਚੌਰ /ਕਾਠਗੜ੍ਹ 8 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ ):** ਆਗਾਮੀ ਬਰਸਾਤੀ ਮੌਸਮ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਮ ਲੋਕਾਂ ਦੀ ਸੁਰੱਖਿਆ ਅਤੇ ਹੜ੍ਹਾਂ ਵਰਗੀ ਸਥਿਤੀ ਨਾਲ ਨਿਪਟਣ ਲਈ ਲਗਾਤਾਰ ਅਹਿਮ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਪ੍ਰਸ਼ਾਸਨਿਕ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੁਣ ਪਿੰਡਾਂ ਦੀਆਂ ਪੰਚਾਇਤਾਂ ਵੀ ਪੂਰੀ ਤਰ੍ਹਾਂ ਮੁਸਤੈਦ ਨਜ਼ਰ ਆ ਰਹੀਆਂ ਹਨ। ਇਸੇ ਤਹਿਤ ਇਤਿਹਾਸਕ ਪਿੰਡ ਕਾਠਗੜ੍ਹ ਦੀ ਮਹਿਲਾ ਸਰਪੰਚ ਰਿਸ਼ੂ ਬਾਲਾ ਵੱਲੋਂ ਹੜ੍ਹਾਂ ਦੇ ਸੰਭਾਵਿਤ ਖ਼ਤਰੇ ਨਾਲ ਨਿਪਟਣ ਲਈ ਪਹਿਲ ਦੇ ਆਧਾਰ 'ਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਕਾਠਗੜ੍ਹ ਪਿੰਡ ਦੀਆਂ ਦੋਵੇਂ ਪੰਚਾਇਤਾਂ ਦੇ ਸਾਂਝੇ ਯਤਨਾਂ ਸਦਕਾ ਪਿੰਡਾਂ ਦੇ ਵਿਚਕਾਰੋਂ ਲੰਘਣ ਵਾਲੀ ਕਾਠਗੜ੍ਹ ਦੇ' ਚੋਅ ਦੀ ਸਫ਼ਾਈ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਕਰਵਾ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਬੀਤੇ ਸਮੇਂ ਦੌਰਾਨ ਸਫ਼ਾਈ ਦੀ ਘਾਟ ਕਾਰਨ ਕਈ ਵਾਰ ਭਾਰੀ ਬਰਸਾਤ ਦੇ ਦਿਨਾਂ ਵਿੱਚ ਹੜ੍ਹਾਂ ਦਾ ਪਾਣੀ ਥਾਣਾ ਕਾਠਗੜ੍ਹ ਦੇ ਅੰਦਰ ਤੱਕ ਭਰ ਚੁੱਕਾ ਹੈ ਅਤੇ ਇਸ ਦੇ ਨਾਲ ਹੀ ਕਾਠਗੜ੍ਹ ਦੇ ਵਾਰਡ ਨੰਬਰ ਛੇ ਦੇ ਬਹੁਤ ਸਾਰੇ ਘਰਾਂ ਦਾ ਵੀ ਵੱਡਾ ਨੁਕਸਾਨ ਹੋ ਚੁੱਕਾ ਹੈ। ਇਸ ਗੰਭੀਰ ਸਮੱਸਿਆ ਦੇ ਸਥਾਈ ਹੱਲ ਲਈ ਜਾਣਕਾਰੀ ਦਿੰਦਿਆਂ ਸੇਵਾਦਾਰ ਸਾਈਂ ਕਾਲੇ ਸ਼ਾਹ ਨੇ ਦੱਸਿਆ ਕਿ ਗ੍ਰਾਮ ਪੰਚਾਇਤ ਵੱਲੋਂ ਹਲਕਾ ਵਿਧਾਇਕਾਂ ਬੀਬੀ ਸੰਤੋਸ਼ ਕਟਾਰੀਆ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇੱਕ ਲਿਖਤੀ ਮੰਗ ਪੱਤਰ ਭੇਜਿਆ ਗਿਆ ਸੀ। ਇਸ ਮੰਗ ਪੱਤਰ ਵਿੱਚ ਅਪੀਲ ਕੀਤੀ ਗਈ ਸੀ ਕਿ ਬਰਸਾਤਾਂ ਦਾ ਮੌਸਮ ਪੂਰੀ ਤਰ੍ਹਾਂ ਸ਼ੁਰੂ ਹੋਣ ਤੋਂ ਪਹਿਲਾਂ ਕਾਠਗੜ੍ਹ 'ਚੋਅ ਨੂੰ ਚੰਗੀ ਤਰ੍ਹਾਂ ਸਾਫ਼ ਕਰਵਾਇਆ ਜਾਵੇ ਤਾਂ ਜੋ ਇਲਾਕੇ ਦੇ ਲੋਕਾਂ ਦਾ ਮਾਲੀ ਤੇ ਜਾਨੀ ਨੁਕਸਾਨ ਹੋਣੋਂ ਬਚਾਇਆ ਜਾ ਸਕੇ।







ਇਸ ਮੰਗ 'ਤੇ ਤੁਰੰਤ ਕਾਰਵਾਈ ਕਰਦਿਆਂ ਪ੍ਰਸ਼ਾਸਨ ਵੱਲੋਂ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ, ਜਿਸ ਤਹਿਤ ਸੜਕ ਦੇ ਇੱਕ ਪਾਸੇ ਵਾਲੀ ਨਦੀ ਦੀ ਸਫ਼ਾਈ ਮੁਕੰਮਲ ਕਰ ਦਿੱਤੀ ਗਈ ਹੈ। ਹਾਲਾਂਕਿ, ਨਦੀ ਦੇ ਦੂਜੇ ਪਾਸੇ ਅਜੇ ਵੀ ਭਾਰੀ ਮਾਤਰਾ ਵਿੱਚ ਘਾਹ-ਫੂਸ, ਬੂਟੀ ਅਤੇ ਮਿੱਟੀ ਜਮ੍ਹਾਂ ਹੋਈ ਪਈ ਹੈ। ਇਲਾਕਾ ਨਿਵਾਸੀਆਂ ਦਾ ਕਹਿਣਾ ਹੈ ਕਿ ਜੇਕਰ ਇਸ ਦੂਜੇ ਹਿੱਸੇ ਦੀ ਵੀ ਤੁਰੰਤ ਸਫ਼ਾਈ ਕਰਵਾ ਦਿੱਤੀ ਜਾਵੇ ਤਾਂ ਹੜ੍ਹਾਂ ਦਾ ਸੰਭਾਵਿਤ ਖ਼ਤਰਾ ਪੂਰੀ ਤਰ੍ਹਾਂ ਟਲ ਸਕਦਾ ਹੈ।ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਇਸ ਫ਼ੈਸਲੇ ਲਈ ਹਲਕਾ ਵਿਧਾਇਕਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਹੈ ਅਤੇ ਨਾਲ ਹੀ ਸੜਕ ਦੇ ਬਾਕੀ ਰਹਿੰਦੇ ਦੂਜੇ ਪਾਸੇ ਦੀ ਵੀ ਸਫ਼ਾਈ ਜਲਦ ਤੋਂ ਜਲਦ ਕਰਵਾਉਣ ਦੀ ਜ਼ੋਰਦਾਰ ਮੰਗ ਕੀਤੀ ਗਈ ਹੈ। ਦੂਜੇ ਪਾਸੇ, ਇਸ ਮਾਮਲੇ ਸਬੰਧੀ ਜਦੋਂ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਵਾਉਂਦਿਆਂ ਕਿਹਾ ਕਿ ਕਾਠਗੜ੍ਹ 'ਚੋਅ ਦਾ ਬਕਾਇਆ ਰਹਿੰਦਾ ਸਫ਼ਾਈ ਦਾ ਕੰਮ ਵੀ ਬਰਸਾਤੀ ਮੌਸਮ ਦੇ ਮੱਦੇਨਜ਼ਰ ਕਾਠਗੜ੍ਹ ਪੰਚਾਇਤ ਵੱਲੋਂ ਹੜ੍ਹਾਂ ਤੋਂ ਬਚਾਅ ਲਈ ਤਿਆਰੀਆਂ ਤੇਜ਼; ਨਦੀ ਦੀ ਸਫ਼ਾਈ ਦਾ ਕੰਮ ਸ਼ੁਰੂ।

# ਸਰੀ ਸਿਟੀ ਕੌਂਸਲ ਵੱਲੋਂ ਖਰੀਦੀ ਜਾਇਦਾਦ ਸੰਬੰਧੀ ਰੰਧਾਵਾ ਨੇ ਚੁੱਕੇ ਸਵਾਲ

**ਵੈਨਕੂਵਰ, ਜੁਲਾਈ (ਮਲਕੀਤ ਸਿੰਘ)–** ਸਰੀ ਸਿਟੀ ਕੌਂਸਲ ਵੱਲੋਂ ਸਰੀ ਸ਼ਹਿਰ ਵਿੱਚ ਖਰੀਦੀ ਗਈ ਇਕ ਜਾਇਦਾਦ ਪ੍ਰਕਿਰਿਆ ਵਿੱਚ ਬੇਨਿਯਮੀਆਂ ਦਾ ਦੋਸ਼ ਲਗਾਉਂਦਿਆਂ ਕੰਸਰਵੇਟਿਵ ਪਾਰਟੀ ਵੱਲੋਂ ਸਰੀ ਦੇ ਮੇਅਰ ਦੇ ਅਹੁਦੇ ਲਈ ਚੋਣ ਪਿੜ ਚ ਉਤਾਰੇ ਗਏ ਉਮੀਦਵਾਰ ਹੋਨਵੀਰ ਰੰਧਾਵਾ ਨੇ ਇਸ ਸੌਦੇ ਸਬੰਧੀ ਪੂਰੀ ਪਾਰਦਰਸ਼ਤਾ ਅਤੇ ਸੁਤੰਤਰ ਮੁਲਾਂਕਣ ਰਿਕਾਰਡ ਜਨਤਕ ਕਰਨ ਦੀ ਮੰਗ ਕੀਤੀ ਹੈ। ਇਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਰੰਧਾਵਾ ਦਾ ਕਹਿਣਾ ਹੈ ਇਹ ਵਿਵਾਦਿਤ ਜਾਇਦਾਦ ਲਗਭਗ ਦੋ ਸਾਲ ਤੱਕ ਮਾਰਕੀਟ ਵਿੱਚ ਵਿਕਣ ਲਈ ਉਪਲਬਧ ਰਹੀ, ਇਸ ਦੌਰਾਨ ਇਸ ਦੀ ਕੀਮਤ ਵਿੱਚ ਕਈ ਵਾਰ ਤਬਦੀਲੀਆਂ ਹੋਈਆਂ ਅਤੇ ਆਖ਼ਰਕਾਰ ਕਾਰਪੋਰੇਟ ਸ਼ੇਅਰ ਵਿਕਰੀ ਰਾਹੀਂ ਕਰੀਬ 3.35 ਮਿਲੀਅਨ ਡਾਲਰ ਵਿੱਚ ਇਹ ਜਾਇਦਾਦ ਵੇਚੀ ਗਈ। ਉਨ੍ਹਾਂ ਦਾ ਦੋਸ਼ ਹੈ ਕਿ ਇਸ ਤੋਂ ਕੁਝ ਹੀ ਹਫ਼ਤਿਆਂ ਬਾਅਦ ਸਰੀ ਸਿਟੀ ਕੌਂਸਲ ਵੱਲੋਂ ਇਹੀ ਜਾਇਦਾਦ ਮਹਿੰਗੇ ਭਾਅ 6.8 ਮਿਲੀਅਨ ਡਾਲਰ ਵਿੱਚ ਖਰੀਦ ਲਈ ਗਈ ਜਿਸ ਨਾਲ ਟੈਕਸਦਾਤਾਵਾਂ ਦੇ ਪੈਸੇ ਦੀ ਵਰਤੋਂ ਬਾਰੇ ਗੰਭੀਰ ਸਵਾਲ ਪੈਦਾ ਹੁੰਦੇ ਹਨ।

ਉਨ੍ਹਾਂ ਕਿਹਾ ਕਿ ਮੌਜੂਦਾ ਰੀਅਲ ਅਸਟੇਟ ਮਾਰਕੀਟ


ਕੰਸਰਵੇਟਿਵ ਪਾਰਟੀ ਵੱਲੋਂ ਮੇਅਰ ਦੇ ਉਮੀਦਵਾਰ ਹੋਨਵੀਰ ਰੰਧਾਵਾ ਦੀ ਇੱਕ ਤਸਵੀਰ

ਵਿੱਚ ਜਦੋਂ ਬਹੁਤ ਸਾਰੀਆਂ ਜਾਇਦਾਦਾਂ ਆਪਣੇ ਨਿਰਧਾਰਤ ਮੁੱਲ ਤੋਂ ਘੱਟ ਕੀਮਤ 'ਤੇ ਵਿਕ ਰਹੀਆਂ ਹਨ ਤਾਂ ਅਜਿਹੇ ਹਾਲਾਤਾਂ ਵਿੱਚ ਸਿਟੀ ਕੌਂਸਲ ਵੱਲੋਂ ਮਹਿੰਗੀ ਖਰੀਦੀ ਗਈ ਇਸ ਜਾਇਦਾਦ ਸਬੰਧੀ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੁੰਦੇ ਹਨ ਜਿਨਾਂ ਨੂੰ ਨਵਿਰਤ ਕਰਨ ਲਈ ਸਿਟੀ ਕੌਂਸਲ ਵੱਲੋਂ ਸਾਰੀ ਪ੍ਰਕਿਰਿਆ ਨੂੰ ਜਨਤਕ ਕਰਨਾ ਚਾਹੀਦਾ ਹੈ।ਸ. ਰੰਧਾਵਾ ਨੇ ਵਾਅਦਾ ਕੀਤਾ ਕਿ ਜੇ ਉਹ ਮੇਅਰ ਚੁਣੇ ਜਾਂਦੇ ਹਨ ਤਾਂ ਵੱਡੀਆਂ ਜ਼ਮੀਨ ਖਰੀਦਣ ਲਈ ਸਖ਼ਤ ਟੈਕਸਦਾਤਾ ਸੁਰੱਖਿਆ ਨੀਤੀਆਂ ਲਾਗੂ ਕੀਤੀਆਂ ਜਾਣਗੀਆਂ।

ਇਸ ਸਬੰਧੀ ਜਦੋਂ ਸਰੀ ਸਿਟੀ ਕੌਂਸਲ ਦੇ ਕੁਝ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਆਪਣੇ ਪੱਖ ਵਿੱਚ ਅਜਿਹੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਇਸ ਸਬੰਧੀ ਸਮੁੱਚੀ ਪ੍ਰਕਿਰਿਆ ਕਾਨੂੰਨੀ ਦਾਇਰੇ ਵਿੱਚ ਰਹਿ ਕੇ ਕੀਤੀ ਗਈ ਹੈ।

# 14 ਜੁਲਾਈ ਨੂੰ ਸਤਲੁਜ ਦਰਿਆ ਦੇ ਕੰਢੇ ਹਰੀਕੇ ਪੱਤਣ ਵਿਖੇ ਹੋਵੇਗੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਮੂਹ ਸਿੱਖ ਸ਼ਹੀਦਾਂ ਦੀ ਆਤਮਿਕ ਸ਼ਾਂਤੀ ਤੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਲਈ ਅਰਦਾਸ

**ਸ੍ਰੀ ਅੰਮ੍ਰਿਤਸਰ, 8 ਜੁਲਾਈ –(ਹਰਜਿੰਦਰ ਪਾਲ ਛਾਬੜਾ)** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਅੰਦਰ ਜਿਨ੍ਹਾਂ ਬੇਕਸੂਰ ਨੌਜਵਾਨਾਂ ਦਾ ਉਸ ਸਮੇਂ ਦੀ ਸਰਕਾਰ ਵੱਲੋਂ ਪੁਲਿਸ ਰਾਹੀਂ ਕਤਲੇਆਮ ਕੀਤਾ ਗਿਆ ਅਤੇ ਜਿਨ੍ਹਾਂ ਬਾਰੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੇ ਜਾਣਕਾਰੀ ਉਜਾਗਰ ਕੀਤੀ, ਉਨ੍ਹਾਂ ਦੀ ਆਤਮਿਕ ਸ਼ਾਂਤੀ ਅਤੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦੀ ਅਰਦਾਸ ਲਈ 14 ਜੁਲਾਈ 2026 ਨੂੰ ਸਤਲੁਜ ਦਰਿਆ ਦੇ ਕੰਢੇ ਹਰੀਕੇ ਪੱਤਣ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਸਰਕਾਰੀ ਅਤੇ ਪੁਲਿਸ ਜ਼ਿਆਦਤੀਆਂ ਦਾ ਸ਼ਿਕਾਰ ਹੋਏ ਬੇਕਸੂਰ ਨੌਜਵਾਨਾਂ, ਬੀਬੀਆਂ, ਬਜ਼ੁਰਗਾਂ ਅਤੇ ਬੱਚਿਆਂ ਦੀ ਆਤਮਿਕ ਸ਼ਾਂਤੀ ਲਈ ਅੱਜ ਤੱਕ ਸਮੂਹਿਕ ਅਰਦਾਸ ਨਹੀਂ ਹੋਈ ਅਤੇ ਬਹੁਤੀਆਂ ਪੀੜਤ ਮਾਵਾਂ ਤੇ ਭੈਣਾਂ ਅੱਜ ਵੀ ਨਹੀਂ ਜਾਣਦੀਆਂ ਕਿ ਉਨ੍ਹਾਂ ਦੇ ਪੁੱਤਰਾਂ ਤੇ ਭਰਾਵਾਂ ਨਾਲ ਕੀ ਬੀਤੀ। ਉਨ੍ਹਾਂ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਪੰਜਾਬ ਨਾਲ ਜੋ ਵਾਪਰਿਆ, ਉਹ ਦੁਨੀਆ ਦੇ ਸਾਹਮਣੇ ਆਵੇ ਅਤੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਮਿਲੇ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਮੂਹ ਪੀੜਤ ਪਰਿਵਾਰਾਂ, ਮਾਵਾਂ, ਭੈਣਾਂ, ਵੀਰਾਂ, ਕਾਰਕੁੰਨਾਂ, ਵਕੀਲਾਂ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸੰਘਰਸ਼ ਕਰਨ ਵਾਲੀਆਂ ਸ਼ਖ਼ਸੀਅਤਾਂ ਨੂੰ ਇਸ ਸਮਾਗਮ ਵਿੱਚ ਸ਼ਮੂਲੀਅਤ ਦਾ ਖੁੱਲ੍ਹਾ



ਸੱਦਾ ਦਿੱਤਾ, ਜੋ 1984 ਵੇਲੇ ਅਤੇ ਬਾਅਦ ਦੇ ਦਹਾਕਿਆਂ ਦੌਰਾਨ ਹੋਈਆਂ ਸਰਕਾਰੀ ਜ਼ਿਆਦਤੀਆਂ ਦਾ ਸ਼ਿਕਾਰ ਹੋਏ ਹਨ ਅਤੇ ਜਿਨ੍ਹਾਂ ਲਈ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੇ ਸੰਘਰਸ਼ ਕੀਤਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਬੇਕਸੂਰ ਨੌਜਵਾਨਾਂ ਦੇ ਕਤਲ ਮਾਮਲਿਆਂ ਵਿੱਚ ਬੀਤੇ ਸਮੇਂ ਮੁਹਾਲੀ ਦੀ ਸੀ.ਬੀ.ਆਈ. ਅਦਾਲਤ ਵੱਲੋਂ ਪੁਲਿਸ ਅਧਿਕਾਰੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ ਹਨ, ਉਨ੍ਹਾਂ ਦੇ ਪਰਿਵਾਰ ਵੀ ਇਸ ਸਮਾਗਮ ਵਿੱਚ ਜ਼ਰੂਰ ਸ਼ਾਮਲ ਹੋਣ। ਉਨ੍ਹਾਂ ਸੱਦਾ ਦਿੱਤਾ ਕਿ ਆਓ ਸਮੂਹ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਸੰਗਤੀ ਰੂਪ ਵਿੱਚ ਗੁਰਬਾਣੀ ਦਾ ਜਾਪ, ਕੀਰਤਨ ਅਤੇ ਅਰਦਾਸ ਕਰੀਏ ਅਤੇ ਅਕਾਲ ਪੁਰਖ ਅੱਗੇ ਬੇਨਤੀ ਕਰੀਏ ਕਿ ਉਹ ਪੀੜਤ ਪਰਿਵਾਰਾਂ ਨੂੰ ਇਨਸਾਫ਼ ਪ੍ਰਾਪਤ ਕਰਨ ਦਾ ਬਲ ਬਖ਼ਸ਼ਣ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ 14 ਜੁਲਾਈ 2026 ਨੂੰ ਸੰਧਿਆ ਵੇਲੇ 6 ਵਜੇ ਦਰਿਆ ਸਤਲੁਜ ਦੇ ਕੰਢੇ ਹਰੀਕੇ ਪੱਤਣ — ਜਿੱਥੇ ਕਤਲ ਕੀਤੇ ਗਏ ਬੇਕਸੂਰ ਨੌਜਵਾਨਾਂ ਦੀਆਂ ਲਾਸ਼ਾਂ ਦਰਿਆ ਵਿੱਚ ਰੋੜ੍ਹੇ ਜਾਣ ਦੀ ਗੱਲ ਸਾਹਮਣੇ ਆਈ ਸੀ — ਵਿਖੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਨਸਾਫ਼ ਲਈ ਅਰਦਾਸ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਸਮਾਗਮ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਇਆ ਜਾਵੇਗਾ, ਜਿਸ ਤਹਿਤ ਪਾਲਕੀ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਸ਼ੋਭਿਤ ਕਰਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਗੁਰਬਾਣੀ ਕੀਰਤਨ ਅਤੇ ਅਰਦਾਸ ਕੀਤੀ ਜਾਵੇਗੀ।





# ਆਓ ਵਣ ਮਹਾਂਉਤਸਵ ਮਨਾਈਏ... !

ਵਣ ਮਹਾਂਉਤਸਵ ਰੁੱਖ ਲਗਾਉਣ ਅਤੇ ਜੰਗਲਾਂ ਦੀ ਸੰਭਾਲ ਪ੍ਰਤੀ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਣ ਵਾਲਾ ਇੱਕ ਤਰ੍ਹਾਂ ਦਾ ਤਿਉਹਾਰ ਹੀ ਹੈ ਜੋ ਸਾਡੇ ਦੇਸ਼ ਵਿੱਚ ਹਰ ਸਾਲ ਜੁਲਾਈ ਦੇ ਪਹਿਲੇ ਹਫ਼ਤੇ ਵਿੱਚ ਮਨਾਇਆ ਜਾਂਦਾ ਹੈ। ਇਸ ਸਮੇਂ ਮਾਨਸੂਨ ਦਾ ਮੌਸਮ ਬੂਟੇ ਲਗਾਉਣ ਲਈ ਸਭ ਤੋਂ ਅਨੁਕੂਲ ਹੁੰਦਾ ਹੈ।

ਇਸ ਮੁਹਿੰਮ ਦੌਰਾਨ ਸਰਕਾਰੀ ਵਿਭਾਗ, ਵਿਦਿਅਕ ਸੰਸਥਾਵਾਂ, ਸਮਾਜਿਕ ਜਥੇਬੰਦੀਆਂ ਅਤੇ ਆਮ ਲੋਕ ਮਿਲ ਕੇ ਵੱਡੀ ਗਿਣਤੀ ਵਿੱਚ ਰੁੱਖ ਲਗਾਉਂਦੇ ਹਨ ਅਤੇ ਉਨ੍ਹਾਂ ਦੀ ਸੰਭਾਲ ਦਾ ਸੰਕਲਪ ਵੀ ਲੈਂਦੇ ਹਨ।

ਵਣ ਮਹਾਂਉਤਸਵ ਮਨਾਉਣ ਦਾ ਮੁੱਖ ਉਦੇਸ਼ ਵਾਤਾਵਰਨ ਦੀ ਸੰਭਾਲ, ਹਰਿਆਲੀ ਵਿੱਚ ਵਾਧਾ ਕਰਨਾ ,ਪ੍ਰਦੂਸ਼ਣ ਨੂੰ ਘਟਾਉਣਾ ਅਤੇ ਲੋਕਾਂ ਨੂੰ ਕੁਦਰਤ ਨਾਲ ਜੋੜਨਾ ਹੈ। ਇਸ ਨੂੰ ਕੇਵਲ ਰੁੱਖ ਲਗਾਉਣ ਦਾ ਪ੍ਰੋਗਰਾਮ ਨਾ ਮਿਥ ਕੇ ਸਗੋਂ ਇਸ ਨੂੰ ਧਰਤੀ ਨੂੰ ਹਰਿਆ-ਭਰਿਆ ਬਣਾਉਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਵਾਤਾਵਰਣ ਬਣਾਉਣ ਦਾ ਵੱਡਾ ਉਪਰਾਲਾ ਮੰਨਣਾ ਚਾਹੀਦਾ ਹੈ।

ਰੁੱਖ ਕੁਦਰਤ ਦੀ ਸਭ ਤੋਂ ਅਨਮੋਲ ਦਾਤ ਹਨ। ਮਨੁੱਖ ਦਾ ਸਾਰਾ ਜੀਵਨ ਹੀ ਰੁੱਖਾਂ ਨਾਲ ਜੁੜਿਆ ਹੋਇਆ ਹੈ। ਅਸੀਂ ਜੋ ਸਾਹ ਲੈਂਦੇ ਹਾਂ, ਉਸ ਲਈ ਆਕਸੀਜਨ ਰੁੱਖਾਂ ਤੋਂ ਹੀ ਮਿਲਦੀ ਹੈ। ਅੱਜ ਦੇ ਸਮੇਂ ਵਿੱਚ ਉਦਯੋਗੀਕਰਨ, ਵਧਦੀ ਆਬਾਦੀ, ਜੰਗਲਾਂ ਦੀ ਅੰਨ੍ਹੇਵਾਹ ਕਟਾਈ ਅਤੇ ਵਾਹਨਾਂ ਅਤੇ ਫੈਕਟਰੀਆਂ ਦੇ ਵਧਦੇ ਧੂੰਏਂ ਕਾਰਨ ਪ੍ਰਦੂਸ਼ਣ ਇੱਕ ਗੰਭੀਰ ਸਮੱਸਿਆ ਬਣ ਚੁੱਕੀ ਹੈ । ਇਸ ਨਾਲ਼ ਆਲਮੀ ਤਪਸ਼ ਵਧ ਰਹੀ ਹੈ। ਅੱਜ ਕੱਲ੍ਹ ਤਾਂ ਯੂਰਪੀ ਦੇਸ਼ਾਂ ਵਿੱਚ ਵਗਣ ਵਾਲ਼ੀਆਂ ਗਰਮ ਹਵਾਵਾਂ ( ਹੀਟ ਵੇਵਜ਼) ਨੇ ਸਾਰੀ ਦੁਨੀਆਂ ਵਿੱਚ ਹਲਚਲ ਮਚਾ ਦਿੱਤੀ ਹੈ। ਉੱਥੇ ਗਰਮੀ ਕਾਰਨ ਧੜਾਧੜ ਮੌਤਾਂ ਹੋ ਰਹੀਆਂ ਹਨ ਜੋ ਪਹਿਲਾਂ ਕਦੇ ਨਹੀਂ ਵਾਪਰਿਆ ਸੀ। ਇਹ ਪੂਰੇ ਵਿਸ਼ਵ ਲਈ ਇੱਕ ਖ਼ਤਰੇ ਦੀ ਘੰਟੀ ਹੈ। ਸਾਡੇ ਦੇਸ਼ ਵਿੱਚ ਮਨਾਇਆ ਜਾਣ ਵਾਲਾ ਵਣ ਮਹਾਂਉਤਸਵ ਦਾ ਪਰਵ ਸਿਰਫ਼ ਇੱਕ ਰਸਮ ਨਹੀਂ, ਸਗੋਂ ਵਾਤਾਵਰਨ ਦੀ ਰੱਖਿਆ ਦਾ ਇੱਕ ਮਹਾਨ ਸੰਕਲਪ ਹੈ।

ਵਣ ਮਹਾਂਉਤਸਵ ਹਰ ਸਾਲ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਉਨ੍ਹਾਂ ਦੀ ਸੰਭਾਲ ਕਰਨ ਲਈ ਪ੍ਰੇਰਿਤ ਕਰਦਾ ਹੈ। ਰੁੱਖ ਨਾ ਕੇਵਲ ਹਵਾ ਨੂੰ ਸ਼ੁੱਧ ਕਰਦੇ ਹਨ, ਸਗੋਂ ਮਿੱਟੀ ਦੇ



ਵਹਾਅ ਨੂੰ ਵੀ ਰੋਕਦੇ ਹਨ। ਰੁੱਖਾਂ ਨਾ਼ਲ ਵਰਖਾ ਦੇ ਆਸਾਰ ਵਧਦੇ ਹਨ ਤੇ ਹੜ੍ਹਾਂ ਨੂੰ ਰੋਕਣ ਵਿੱਚ ਸਹਾਈ ਸਿੱਧ ਹੁੰਦੇ ਹਨ। ਰੁੱਖ ਜਿੱਥੇ ਮਨੁੱਖੀ ਜੀਵਨ ਵਿੱਚ ਸਹਾਈ ਸਿੱਧ ਹੁੰਦੇ ਹਨ ਉੱਥੇ ਹੀ ਰੁੱਖ ਜੰਗਲੀ ਜੀਵਾਂ ਨੂੰ ਆਸਰਾ ਦਿੰਦੇ ਹਨ ਅਤੇ ਧਰਤੀ ਦੇ ਤਾਪਮਾਨ ਨੂੰ ਸੰਤੁਲਿਤ ਰੱਖਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਅੱਜ ਗਲੋਬਲ ਵਾਰਮਿੰਗ, ਜਲਵਾਯੂ ਪਰਿਵਰਤਨ ਅਤੇ ਵਧਦੇ ਤਾਪਮਾਨ ਨੇ ਪੂਰੀ ਦੁਨੀਆ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਹਰ ਸਾਲ ਗਰਮੀਆਂ ਦੀ ਤੀਬਰਤਾ ਵਧ ਰਹੀ ਹੈ ਤੇ ਪਾਣੀ ਦੇ ਸਰੋਤ ਸੁੱਕ ਰਹੇ ਹਨ ਜਿਸ ਨਾਲ ਮੌਸਮ ਦਾ ਚੱਕਰ ਵੀ ਸੰਤੁਲਨ ਵੀ ਵਿਗੜ ਰਿਹਾ ਹੈ। ਜੇਕਰ ਅਸੀਂ ਹੁਣ ਵੀ ਨਾ ਜਾਗੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼ ਹਵਾ ਅਤੇ ਸੁਰੱਖਿਅਤ ਵਾਤਾਵਰਨ ਮੁਹੱਈਆ ਕਰਵਾਉਣਾ ਮੁਸ਼ਕਲ ਹੋ ਜਾਵੇਗਾ। ਵਣ ਮਹਾਂਉਤਸਵ ਦੀ ਸਫ਼ਲਤਾ ਸਿਰਫ਼ ਰੁੱਖ ਲਗਾਉਣ ਨਾਲ ਨਹੀਂ, ਸਗੋਂ ਉਨ੍ਹਾਂ ਦੇ ਸਹੀ ਢੰਗ ਨਾਲ ਪਾਲਣ-ਪੋਸ਼ਣ ਵਿੱਚ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਸਮਾਗਮਾਂ ਦੌਰਾਨ ਹਜ਼ਾਰਾਂ ਬੂਟੇ ਲਗਾ ਦਿੱਤੇ ਜਾਂਦੇ ਹਨ, ਪਰ ਉਨ੍ਹਾਂ ਦੀ ਸੰਭਾਲ ਨਾ ਹੋਣ ਕਰਕੇ ਉਹ ਕੁਝ ਹੀ ਦਿਨਾਂ ਵਿੱਚ ਸੁੱਕ ਜਾਂਦੇ ਹਨ। ਇਸ ਲਈ ਹਰ ਵਿਅਕਤੀ ਨੂੰ ਘੱਟੋ-ਘੱਟ ਇੱਕ ਰੁੱਖ ਲਗਾ ਕੇ ਉਸ ਦੀ ਦੇਖਭਾਲ ਦੀ ਜ਼ਿੰਮੇਵਾਰੀ ਵੀ ਨਿਭਾਉਣੀ ਚਾਹੀਦੀ ਹੈ। ਸਕੂਲਾਂ, ਕਾਲਜਾਂ, ਪਿੰਡਾਂ, ਸ਼ਹਿਰਾਂ ਅਤੇ ਸਮਾਜਿਕ ਸੰਸਥਾਵਾਂ ਨੂੰ ਮਿਲ ਕੇ ਵਣ ਮਹਾਂਉਤਸਵ ਨੂੰ ਲੋਕ ਲਹਿਰ ਬਣਾਉਣਾ ਚਾਹੀਦਾ ਹੈ,ਇਸ ਸਬੰਧੀ ਸਮਾਗਮ ਕਰਵਾ ਕੇ ਇਸ ਸਬੰਧੀ ਪੂਰੀ ਜਾਣਕਾਰੀ ਦੇਣੀ ਚਾਹੀਦੀ ਹੈ।

ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਰੁੱਖਾਂ ਨਾਲ ਪਿਆਰ ਕਰਨ ਅਤੇ ਵਾਤਾਵਰਨ ਦੀ ਸੰਭਾਲ ਦਾ ਸੰਦੇਸ਼ ਦੇਣਾ ਸਮੇਂ ਦੀ ਮੁੱਖ ਲੋੜ ਹੈ। ਜੇਕਰ ਹਰ ਪਰਿਵਾਰ ਹਰ ਸਾਲ ਇੱਕ ਜਾਂ ਦੋ ਰੁੱਖ ਵੀ ਲਗਾ ਕੇ ਉਨ੍ਹਾਂ ਦੀ ਸੰਭਾਲ ਕਰੇ, ਤਾਂ ਦੇਸ਼ ਦਾ ਹਰ ਕੋਨਾ ਹਰਿਆ-ਭਰਿਆ ਬਣ ਸਕਦਾ ਹੈ। ਆਓ ਅੱਜ ਅਸੀਂ ਸਾਰੇ ਇਹ ਪ੍ਰਣ ਕਰੀਏ ਕਿ ਵਣ ਮਹਾਂਉਤਸਵ ਨੂੰ ਕੇਵਲ ਇੱਕ ਦਿਨ ਤੱਕ ਸੀਮਿਤ ਨਹੀਂ ਰੱਖਾਂਗੇ, ਸਗੋਂ ਇਸ ਨੂੰ ਆਪਣੀ ਜੀਵਨ-ਸ਼ੈਲੀ ਦਾ ਹਿੱਸਾ ਬਣਾਵਾਂਗੇ। ਵੱਧ ਤੋਂ ਵੱਧ ਰੁੱਖ ਲਗਾਵਾਂਗੇ, ਉਨ੍ਹਾਂ ਦੀ ਰੱਖਿਆ ਕਰਾਂਗੇ ਅਤੇ ਆਪਣੇ ਆਲੇ-ਦੁਆਲੇ ਨੂੰ ਹਰਿਆ ਭਰਿਆ ਬਣਾਉਣ ਵਿੱਚ ਆਪਣਾ ਯੋਗਦਾਨ ਪਾਵਾਂਗੇ।



**ਬਰਜਿੰਦਰ ਕੌਰ ਬਿਸਰਾਓ...**
9988901324

# ਟੈਸਲਾ ਕਾਰ ਦੀ ਚਾਲਕ ਵੱਲੋਂ ਸੌਂ ਕੇ ਸਫਰ ਕੀਤੇ ਜਾਣ ਦੀ ਘਟਨਾ ਦੀ ਵੀਡੀਓ ਵਾਇਰਲ,ਪੁਲਿਸ ਵੱਲੋਂ ਜਾਂਚ ਸ਼ੁਰੂ

**ਵੈਨਕੂਵਰ, 6 ਜੁਲਾਈ (ਮਲਕੀਤ ਸਿੰਘ)** – ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਹਾਈਵੇ-1 ਤੇ ਗੋਲਡਨ ਅਤੇ ਰੇਵਲਸਟੋਕ ਦਰਮਿਆਨ ਇੱਕ ਟੈਸਲਾ ਕਾਰ ਦੀ ਚੱਲਦੀ ਹਾਲਤ ਦੌਰਾਨ ਡਰਾਈਵਰ ਸੀਟ 'ਤੇ ਬੈਠੀ ਔਰਤ ਦੇ ਕਥਿਤ ਤੌਰ 'ਤੇ ਸੁੱਤੇ ਹੋਣ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਵੀਡੀਓ ਬਣਾਉਣ ਵਾਲੀ ਕਾਰਲੇ ਕਿੰਗ ਨੇ ਦਾਅਵਾ ਕੀਤਾ ਕਿ ਟੈਸਲਾ ਕਾਰ ਲਗਭਗ 100 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਰਹੀ ਸੀ। ਉਸ ਨੇ ਇਹ ਵੀ ਕਿਹਾ ਕਿ ਕਾਰ ਦੀ ਪਿਛਲੀ ਸੀਟ 'ਤੇ ਦੋ ਬੱਚੇ ਵੀ ਸਵਾਰ ਸਨ।



**ਟੈਸਲਾ ਕਾਰ ਵਿੱਚ ਡਰਾਈਵਰ ਦੇ ਕਥਿਤ ਤੌਰ 'ਤੇ ਸੁੱਤੇ ਹੋਣ ਸਬੰਧੀ ਵਾਇਰਲ ਵੀਡੀਓ ਦੀ ਇੱਕ ਝਲਕ।**

ਪੁਲਿਸ ਵਾਇਰਲ ਵੀਡੀਓ ਦੀ ਜਾਂਚ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਹੈ ਕਿ ਸੂਬੇ ਚ ਸਵੈਚਾਲਿਤ (ਫੁੱਲ ਸੈਲਫ-ਡਰਾਈਵਿੰਗ) ਪ੍ਰਣਾਲੀ ਦੀ ਵਰਤੋਂ ਜਨਤਕ ਸੜਕਾਂ 'ਤੇ ਕਾਨੂੰਨੀ ਤੌਰ 'ਤੇ ਮਨਜ਼ੂਰ ਨਹੀਂ ਹੈ। ਸਿਰਫ ਕੁਝ ਹਾਲਾਤਾਂ 'ਚ ਸਵੈਚਾਲਤ ਵਾਹਨਾਂ ਤੋਂ ਡਰਾਈਵਰੀ ਸਹਾਇਤਾ ਵਾਲੀਆਂ ਕੁਝ ਸਹੂਲਤਾਂ ਵਰਤੀਆਂ ਜਾ ਸਕਦੀਆਂ ਹਨ, ਪਰ ਡਰਾਈਵਰ ਦਾ ਹਰ ਵੇਲੇ ਜਾਗਦਾ,ਅਤੇ ਚੌਕਸ ਰਹਿਣਾ ਲਾਜ਼ਮੀ ਮੰਨਿਆ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਜੇ ਜਾਂਚ ਵਿੱਚ ਲਾਪਰਵਾਹੀ ਜਾਂ ਕਾਨੂੰਨ ਦੀ ਉਲੰਘਣਾ ਸਾਬਤ ਹੁੰਦੀ ਹੈ ਤਾਂ ਸੰਬੰਧਿਤ ਕਾਰਵਾਈ ਕੀਤੀ ਜਾਵੇਗੀ।

## 'ਕੈਨੇਡਾ ਟੈਬਲੌਇਡ' ਮੈਗਜੀਨ ਦਾ ਰੀਲੀਜ ਸਮਾਰੋਹ ਸਮਾਗਮ 14 ਜੁਲਾਈ ਨੂੰ ਹੋਵੇਗਾ

**ਵੈਨਕੂਵਰ, ਜੁਲਾਈ (ਮਲਕੀਤ ਸਿੰਘ)–** ਕੈਨੇਡਾ ਦੇ ਵੱਖ ਵੱਖ ਭਾਈਚਾਰੇ ਦੇ ਪਾਠਕਾਂ ਚ ਪੜ੍ਹਿਆ ਜਾਣ ਵਾਲਾ ਤ੍ਰੈ ਮਾਸਕ ਮੈਗਜ਼ੀਨ 'ਕੈਨੇਡਾ ਟੈਬਲੋਇਡ' ਦੇ ਤਿਮਾਹੀ ਅੰਕ ਦਾ ਰਿਲੀਜ ਸਮਾਗਮ 14 ਜੁਲਾਈ ਦਿਨ ਮੰਗਲਵਾਰ ਸ਼ਾਮੀ 4 ਵਜੇ 9889 ਅਤੇ 140 ਸਟਰੀਟ ਸਰੀ ਵਿੱਚ ਕਰਵਾਇਆ ਜਾਵੇਗਾ ਮੈਗਜੀਨ ਦੇ ਮੁੱਖ ਸੰਪਾਦਕ ਜਸਵਿੰਦਰ ਸਿੰਘ ਦਿਲਾਵਰੀ ਨੇ ਉਕਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਸਮਾਗਮ ਵਿੱਚ ਸਾਹਿਤਕ ਖੇਤਰ ਨਾਲ ਜੁੜੀਆਂ ਹਸਤੀਆਂ ਤੋਂ ਇਲਾਵਾ ਕਈ ਹੋਰ ਸਮਾਜਿਕ ਅਤੇ ਸਿਆਸੀ ਸ਼ਖਸ਼ੀਅਤਾਂ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰਨਗੀਆਂ।






# ਜਸਵੰਤ ਸਿੰਘ ਖਾਲੜਾ ਦੀ ਕਹਾਣੀ ਇੱਕ ਫ਼ਿਲਮ ਤੋਂ ਕਿਤੇ ਵੱਡੀ ਹੈ

ਭਾਰਤ ਦੇ ਸਭ ਤੋਂ ਵੱਡੇ ਸਟ੍ਰੀਮਿੰਗ ਪਲੇਟਫਾਰਮਾਂ ਵਿਚੋਂ ਇੱਕ ਤੋਂ ਇੱਕ ਫ਼ਿਲਮ 48 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਗਾਇਬ ਹੋ ਗਈ, ਪਰ ਜਿਵੇਂ ਹੀ ਉਹ ਹਟੀ, ਉਸਨੂੰ ਹੋਰ ਸੰਭਾਲਣਾ ਔਖਾ ਹੋ ਗਿਆ। ਦਲਜੀਤ ਦੋਸਾਂਝ ਦੀ ਮੁੱਖ ਭੂਮਿਕਾ ਵਾਲੀ "ਸਤਲੁਜ" ਦੀ ਇਹੀ ਕੇਂਦਰੀ ਸੱਚਾਈ ਹੈ, ਜੋ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਸੰਘਰਸ਼ ਉੱਤੇ ਆਧਾਰਿਤ ਹੈ।

ਇਸ ਫ਼ਿਲਮ ਦੀ ਯਾਤਰਾ, ਇਸ ਦੀ ਰਿਲੀਜ਼ ਅਤੇ ਫਿਰ ਅਚਾਨਕ ਹਟਾ ਦਿੱਤਾ ਜਾਣਾ, ਸਿਰਫ਼ ਇੱਕ ਸੈਂਸਰਸ਼ਿਪ ਵਿਵਾਦ ਨਹੀਂ ਦਿਖਾਉਂਦੇ। ਆਨਲਾਈਨ ਦੁਨੀਆ ਵਿੱਚ ਕੋਈ ਫ਼ਿਲਮ ਹਟਾ ਦੇਣ ਨਾਲ ਖਾਮੋਸ਼ੀ ਨਹੀਂ ਬਣਦੀ। ਉਸ ਦੀਆਂ ਕਾਪੀਆਂ, ਕਲਿਪਾਂ, ਗੁੱਸਾ ਅਤੇ ਇੱਕ ਵੱਡੀ ਬਹਿਸ ਪੈਦਾ ਹੁੰਦੀ ਹੈ ਕਿ ਜਨਤਕ ਯਾਦ ਉੱਤੇ ਕੌਣ ਕਾਬੂ ਰੱਖੇ।

"ਸਤਲੁਜ" ਆਮ ਰਿਲੀਜ਼ ਵਾਂਗ ਨਹੀਂ ਆਈ। ਇਹ ਸਾਲਾਂ ਦੀ ਦੇਰੀ, ਨਾਮ ਬਦਲਣ, ਪ੍ਰਮਾਣਿਕਤਾ ਨਾਲ ਝਗੜੇ ਅਤੇ ਠਹਿਰੇ ਹੋਏ ਸਿਨੇਮਾਈ ਰਾਹ ਤੋਂ ਬਾਅਦ ਸਾਹਮਣੇ ਆਈ। ਫਿਰ ਇਹ 3 ਜੁਲਾਈ 2026 ਨੂੰ ਜੀ5 ਉੱਤੇ ਆਈ, ਬਿਨਾਂ ਵੱਡੇ ਪ੍ਰਚਾਰ ਮੁਹਿੰਮ ਦੇ, ਅਤੇ 5 ਜੁਲਾਈ ਤੱਕ ਇਹ ਪਲੇਟਫਾਰਮ ਦੇ ਭਾਰਤੀ ਕੈਟਾਲੋਗ ਤੋਂ ਹਟਾ ਦਿੱਤੀ ਗਈ।

ਇਹ ਕ੍ਰਮ ਮਹੱਤਵ ਰੱਖਦਾ ਹੈ, ਕਿਉਂਕਿ ਦੇਰੀ ਨੇ ਫ਼ਿਲਮ ਨੂੰ ਦਬਾਇਆ ਨਹੀਂ। ਹਟਾਉਣ ਨਾਲ ਵੀ ਦਿਲਚਸਪੀ ਘਟੀ ਨਹੀਂ। ਹਰ ਕਦਮ ਨੇ ਇਸ ਨੂੰ ਹੋਰ ਤਿੱਖਾ ਰਾਜਨੀਤਕ ਰੰਗ ਦਿੱਤਾ, ਅਤੇ ਇਸ ਦੇ ਆਲੇ ਦੁਆਲੇ ਦਾ ਵਿਵਾਦ ਛੇਤੀ ਹੀ ਫ਼ਿਲਮ ਤੋਂ ਵੱਡਾ ਬਣ ਗਿਆ।

ਇਸ ਦੀ ਸ਼ੁਰੂਆਤ "ਘਲੂਘਾਰਾ" ਨਾਂ ਨਾਲ ਹੋਈ ਸੀ, ਫਿਰ ਇਹ "ਪੰਜਾਬ '95" ਬਣੀ ਅਤੇ ਆਖ਼ਰਕਾਰ "ਸਤਲੁਜ" ਦੇ ਨਾਂ ਨਾਲ ਆਈ। ਇਹ ਤਬਦੀਲੀਆਂ ਸਿਰਫ਼ ਨਾਮਾਂ ਦੀ ਕਸਰਤ ਨਹੀਂ ਸਨ। ਕਿਹਾ ਜਾਂਦਾ ਹੈ ਕਿ ਇਹ ਕੇਂਦਰੀ ਫ਼ਿਲਮ ਪ੍ਰਮਾਣਿਕਤਾ ਬੋਰਡ ਦੇ ਇਤਰਾਜ਼ਾਂ ਤੋਂ ਬਾਅਦ ਕੀਤੀਆਂ ਗਈਆਂ, ਜਿਸ ਨੇ 127 ਕਟੌਤੀਆਂ ਅਤੇ ਹੋਰ ਨਾਂ ਰੱਖਣ ਦੀ ਸ਼ਰਤ ਦੀ ਮੰਗ ਕੀਤੀ ਗਈ ਸੀ।

ਨਿਰਦੇਸ਼ਕ ਹਨੀ ਤ੍ਰੇਹਨ ਅਤੇ ਆਰਐਸਵੀਪੀ ਦੇ ਨਿਰਮਾਤਾਵਾਂ ਨੇ ਇਹ ਕਟੌਤੀਆਂ ਮਨਜ਼ੂਰ ਨਹੀਂ ਕੀਤੀਆਂ। ਲਗਭਗ ਚਾਰ ਸਾਲ ਤੱਕ ਇਹ ਟਕਰਾਅ ਖਿੱਚਦਾ ਚਲਾ ਗਿਆ , ਇੱਥੋਂ ਤੱਕ ਕਿ 2023 ਦੇ ਟੋਰਾਂਟੋ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ ਵਿੱਚ ਹੋਣ ਵਾਲੀ ਪ੍ਰੀਮੀਅਰ ਵੀ ਰੱਦ ਕਰਨੀ ਪਈ। ਫਰਵਰੀ 2025 ਦੀ ਇੱਕ ਰਿਲੀਜ਼ ਯੋਜਨਾ ਵੀ ਅੱਗੇ ਨਾ ਵਧ ਸਕੀ।

ਸਟ੍ਰੀਮਿੰਗ ਪੁਰਾਣੇ ਰੋਕਤੰਤਰਾਂ ਤੋਂ ਬਚਣ ਦਾ ਰਾਹ ਲੱਗਦੀ ਸੀ। ਜੀ45 ਅਜਿਹੀ ਫ਼ਿਲਮ ਦਿਖਾ ਸਕਦਾ ਸੀ ਜੋ ਸਿਨੇਮਾ ਘਰਾਂ ਅਤੇ ਸੈਂਸਰਾਂ ਨੇ ਥੰਮ੍ਹਾ ਰੱਖੀ ਸੀ, ਅਤੇ 3 ਜੁਲਾਈ ਨੂੰ ਉਸ ਨੇ ਇਹ ਕੀਤਾ ਵੀ, ਕਿਹਾ ਜਾਂਦਾ ਹੈ ਕਿ ਅਣਕੱਟ ਸੰਸਕਰਨ ਨਾਲ। ਪਰ ਓਟੀਟੀ ਨੇ ਰਾਜਨੀਤੀ ਨੂੰ ਕਹਾਣੀ ਤੋਂ ਬਾਹਰ ਨਹੀਂ ਕੀਤਾ। ਇਸ ਨੇ ਲੜਾਈ ਨੂੰ ਇੱਕ ਨਵੇਂ ਮੈਦਾਨ ਵਿੱਚ ਭੇਜ ਦਿੱਤਾ, ਜਿੱਥੇ ਪਹੁੰਚ ਇੱਕ ਪਲ ਵਿੱਚ ਦਿੱਤੀ ਵੀ ਜਾ ਸਕਦੀ ਹੈ ਅਤੇ ਅਗਲੇ ਪਲ ਰੋਕੀ ਵੀ ਜਾ ਸਕਦੀ ਹੈ।

ਜੀ5 ਨੇ ਕਿਹਾ ਕਿ ਭਾਰਤ ਵਿੱਚ ਫ਼ਿਲਮ ਮਜੂਦਾ ਵਿਕਾਸ ਦੇ ਚਲਦਿਆਂ ਉਪਲਬਧ ਨਹੀਂ ਰਹੀ ਕਿਉਂਕਿ ਸਰਕਾਰ ਨੇ ਦਖ਼ਲ ਦੇ ਕੇ ਚਿੰਤਾ ਜਤਾਈ ਕਿ ਕੁਝ ਹਿੱਸਿਆਂ ਦੀ ਗਲਤ ਵਰਤੋਂ ਭਾਰਤ ਵਿਰੋਧੀ ਤੱਤ ਕਰ ਸਕਦੇ ਹਨ।


ਇਸ ਦਾ ਅਸਰ ਸ਼ਾਂਤੀ ਨਹੀਂ, ਹੋਰ ਚੁਭਣ ਸੀ। ਕਿਉਂਕਿ ਫ਼ਿਲਮ ਜੀ5 ਦੁਨੀਆਂ ਭਰ 'ਚ ਮੌਜੂਦ ਰਹੀ, ਭਾਰਤ ਤੋਂ ਬਾਹਰ ਦੇ ਦਰਸ਼ਕ ਉਸਨੂੰ ਦੇਖ ਸਕਦੇ ਸਨ। ਉੱਧਰ ਭਾਰਤ ਦੇ ਦਰਸ਼ਕਾਂ ਸਾਹਮਣੇ ਇਹ ਤਿੱਖੀ ਹਕੀਕਤ ਆਈ ਕਿ ਰਾਜਕੀ ਦਬਾਅ ਬਾਰੇ ਬਣੀ ਇੱਕ ਫ਼ਿਲਮ ਨੂੰ ਰਾਜ ਦੀ ਮੰਗ ਉੱਤੇ ਹਟਾ ਦਿੱਤਾ ਗਿਆ।

ਫ਼ਿਲਮ ਹੁਣ ਇੱਕ ਹੀ ਥਾਂ ਤੇ ਨਹੀਂ ਜੀਉਂਦੀ। ਉਹ ਨਾ ਸਿਰਫ਼ ਕਿਸੇ ਇੱਕ ਸਿਨੇਮਾ ਚੇਨ, ਇੱਕ ਸੈਟਲਾਈਟ ਫੀਡ ਜਾਂ ਇੱਕ ਸਟ੍ਰੀਮਿੰਗ ਐਪ ਉੱਤੇ ਨਿਰਭਰ ਕਰਦੀ ਹੈ। ਜਿਵੇਂ ਹੀ ਕੋਈ ਟਾਈਟਲ ਚਲਨ ਵਿੱਚ ਆਉਂਦਾ ਹੈ, ਚਾਹੇ ਥੋੜ੍ਹੇ ਸਮੇਂ ਲਈ ਹੀ ਕਿਉਂ ਨਾ ਹੋਵੇ, ਕਾਬੂ ਅਧੂਰਾ ਹੋ ਜਾਂਦਾ ਹੈ।

"ਸਤਲੁਜ" ਨੇ ਇਹ ਗੱਲ ਸਾਫ਼ ਕਰ ਦਿੱਤੀ ਹੈ ਕਿ ਅੱਜ ਸੈਂਸਰਸ਼ਿਪ ਹੜ੍ਹ ਆਉਣ ਤੋਂ ਬਾਅਦ ਬਣਾਈ ਗਈ ਬੰਨ੍ਹ ਵਾਂਗ ਕੰਮ ਕਰਦੀ ਹੈ। ਇਹ ਇੱਕ ਰਸਤੇ ਦੀ ਰਫ਼ਤਾਰ ਘਟਾ ਸਕਦੀ ਹੈ, ਪਰ ਖੇਤ ਵਿੱਚ ਪੈ ਚੁੱਕਾ ਪਾਣੀ ਵਾਪਸ ਨਹੀਂ ਮੋੜ ਸਕਦੀ।

ਬੰਦ ਕੀਤੀਆਂ ਜਾਂ ਰੋਕੀਆਂ ਫ਼ਿਲਮਾਂ ਆਮ ਤੌਰ ਤੇ ਗਾਇਬ ਨਹੀਂ ਹੁੰਦੀਆਂ। ਉਹ ਇਕ ਥਾਂ ਤੋਂ ਦੂਜੀ ਥਾਂ ਚਲੀ ਜਾਂਦੀਆਂ ਹਨ। ਮਿਰਰ ਲਿੰਕ ਆਉਂਦੇ ਹਨ, ਨਿੱਜੀ ਗਰੁੱਪ ਫ਼ਾਈਲਾਂ ਵੰਡਦੇ ਹਨ, ਛੋਟੇ ਕਲਿਪ ਸੋਸ਼ਲ ਮੀਡੀਆ ਉੱਤੇ ਘੁੰਮਦੇ ਹਨ, ਅਤੇ ਸਕ੍ਰੀਨਸ਼ਾਟ ਆਪ ਵਿੱਚ ਦਲੀਲ ਬਣ ਜਾਂਦੇ ਹਨ। ਜਿਨ੍ਹਾਂ ਲੋਕਾਂ ਨੇ ਪੂਰੀ ਫ਼ਿਲਮ ਨਹੀਂ ਵੀ ਦੇਖੀ, ਉਹ ਵੀ ਉਸ ਦੀ ਤਸਵੀਰ, ਉਸ ਦੇ ਵਿਸ਼ੇ ਅਤੇ ਉਸ ਦੇ ਆਲੇ ਦੁਆਲੇ ਦੇ ਝਗੜੇ ਨਾਲ ਵਾਕਫ਼ ਹੋ ਜਾਂਦੇ ਹਨ।

ਇਹ ਗੱਲ ਇਸ ਲਈ ਵੀ ਮਹੱਤਵਪੂਰਨ ਹੈ ਕਿ ਅੱਜ ਪਹੁੰਚ ਸਿਰਫ਼ ਤਕਨੀਕੀ ਨਹੀਂ, ਸਮਾਜਿਕ ਵੀ ਹੈ। ਕਿਸੇ ਦਰਸ਼ਕ ਨੂੰ ਕਿਸੇ ਟਾਈਟਲ ਦੀ ਸਰਕਾਰੀ ਪ੍ਰੀਮੀਅਰ ਦੀ ਲੋੜ ਨਹੀਂ ਰਹੀ, ਜਦ ਉਹ ਖੁਦ ਜਨਤਕ ਵਿਵਾਦ ਬਣ ਚੁੱਕਾ ਹੋਵੇ। ਮੂੰਹ-ਜ਼ਬਾਨੀ ਗੱਲ, ਇਨਕ੍ਰਿਪਟਡ ਚੈਟ, ਫੈਨ ਪੇਜ ਅਤੇ ਗ਼ੈਰ-ਸਰਕਾਰੀ ਸਕ੍ਰੀਨਿੰਗਾਂ




ਇੱਕ ਦੂਜੀ ਜ਼ਿੰਦਗੀ ਬਣਾਉਂਦੀਆਂ ਹਨ, ਜਿਸ ਨੂੰ ਪਲੇਟਫਾਰਮ ਪੂਰੀ ਤਰ੍ਹਾਂ ਨਹੀਂ ਰੋਕ ਸਕਦੇ।

"ਸਤਲੁਜ" ਇਸ ਪੈਟਰਨ ਵਿੱਚ ਅਜਿਹੀ ਸਫ਼ਾਈ ਨਾਲ ਫਿੱਟ ਬੈਠਦੀ ਹੈ, ਜੋ ਘੱਟ ਹੀ ਮਿਲਦੀ ਹੈ। ਭਾਰਤ ਵਿੱਚ ਇਸ ਦੀ ਹਟਾਈ ਉਸ ਵੇਲੇ ਹੋਈ ਜਦੋਂ ਇਹ ਪਹਿਲਾਂ ਹੀ ਜਨਤਕ ਚਰਚਾ ਵਿੱਚ ਦਾਖ਼ਲ ਹੋ ਚੁੱਕੀ ਸੀ। ਇਸ ਲਈ ਪਾਬੰਦੀ ਨੇ ਕਾਨੂੰਨੀ ਪਹੁੰਚ ਨੂੰ ਰੋਕਿਆ, ਪਰ ਮੰਗ ਨੂੰ ਮਿਟਾ ਨਹੀਂ ਸਕੀ, ਨਾ ਹੀ ਗੱਲਬਾਤ ਨੂੰ ਰੋਕਿਆ। ਹਕੀਕਤ ਵਿੱਚ, ਇਸ ਨੇ ਇੱਕ ਔਖੀ ਫ਼ਿਲਮ ਨੂੰ ਮਨਾਹੀਸ਼ੁਦਾ ਬਣਾ ਦਿੱਤਾ, ਅਤੇ ਮਨਾਹੀਸ਼ੁਦਾ ਚੀਜ਼ਾਂ ਅਕਸਰ ਹੋਰ ਦੂਰ ਤੱਕ ਜਾਂਦੀਆਂ ਹਨ।

ਦਰਸ਼ਕ ਵਧਦੀ ਗਿਣਤੀ ਵਿੱਚ ਸੈਂਸਰਸ਼ਿਪ ਨੂੰ ਇਸ ਸੰਕੇਤ ਵਜੋਂ ਲੈਂਦੇ ਹਨ ਕਿ ਕੁਝ ਮਹੱਤਵਪੂਰਨ ਲੁਕਾਇਆ ਜਾ ਰਿਹਾ ਹੈ। ਇਸ ਦਾ ਅਰਥ ਇਹ ਨਹੀਂ ਕਿ ਹਰ ਰੋਕੀ ਫ਼ਿਲਮ ਮਹਾਨ ਕਲਾ ਬਣ ਜਾਂਦੀ ਹੈ। ਪਰ ਇਹ ਜ਼ਰੂਰ ਹੈ ਕਿ ਦਬਾਉਣ ਦੀ ਕਾਰਵਾਈ ਉਸ ਨੂੰ ਨੈਤਿਕ ਭਾਰ ਦੇ ਦਿੰਦੀ ਹੈ।

"ਸਤਲੁਜ" ਉੱਤੇ ਪ੍ਰਤੀਕ੍ਰਿਆ ਇਸੇ ਬਦਲਾਅ ਨੂੰ ਦਿਖਾਉਂਦੀ ਹੈ। ਸਿੱਖ ਜਥੇਬੰਦੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਨੇ ਇਸ ਹਟਾਉਣ ਨੂੰ ਸੈਂਸਰਸ਼ਿਪ ਅਤੇ ਪੰਜਾਬ ਦੇ ਇਤਿਹਾਸ ਉੱਤੇ ਹਮਲਾ ਕਰਾਰ ਦਿੱਤਾ। ਸੋਸ਼ਲ ਮੀਡੀਆ ਉੱਤੇ ਬਹਿਸ ਫ਼ਿਲਮ ਦੀ ਆਲੋਚਨਾ ਤੋਂ ਹਟ ਕੇ ਰਾਜ-ਸੱਤਾ, ਯਾਦ ਅਤੇ ਚੁਣਿੰਦੀ ਚੁੱਪ ਵੱਲ ਮੁੜ ਗਈ।

ਇਥੇ ਭਰੋਸਾ ਸਭ ਤੋਂ ਵੱਡੀ ਗੱਲ ਹੈ। ਜਦੋਂ ਅਧਿਕਾਰੀ ਕਿਸੇ ਫ਼ਿਲਮ ਦੇ ਦਾਅਵਿਆਂ ਦਾ ਜਵਾਬ ਦੇਣ ਦੀ ਬਜਾਏ ਉਸਨੂੰ ਹਟਾ ਦੇਂਦੇ ਹਨ, ਕਈ ਦਰਸ਼ਕ ਇਹ ਨਤੀਜਾ ਕੱਢਦੇ ਹਨ ਕਿ ਰਾਜ ਸੱਚਾਈ ਨਾਲੋਂ ਕਹਾਣੀ ਉੱਤੇ ਕਾਬੂ ਚਾਹੁੰਦਾ ਹੈ। ਇਹ ਸ਼ੱਕ ਆਸਾਨੀ ਨਾਲ ਦੂਰ ਨਹੀਂ ਹੁੰਦਾ, ਕਿਉਂਕਿ ਪਾਬੰਦੀ ਖੁਦ ਲੋਕਾਂ ਦੇ ਮਨ ਵਿੱਚ ਸਬੂਤ ਬਣ ਜਾਂਦੀ ਹੈ।

"ਸਤਲੁਜ" ਨੂੰ ਵੱਖਰੀ ਤਾਕਤ ਇਸ ਲਈ ਮਿਲਦੀ ਹੈ, ਕਿਉਂਕਿ ਇਸ ਦਾ ਵਿਸ਼ਾ ਨਾ ਅਫ਼ਵਾਹ ਹੈ, ਨਾ ਕੋਈ ਕਲਪਿਤ ਗਿਲਾ, ਨਾ ਹੀ ਸਿਰਫ਼ ਪ੍ਰਤੀਕਾਤਮਕ ਰੋਸ। ਖਾਲੜਾ ਦੇ ਕੰਮ ਵਿੱਚ ਗ਼ੈਰਕਾਨੂੰਨੀ ਹੱਤਿਆਵਾਂ, ਫ਼ਰਜ਼ੀ ਮੁਕਾਬਲਿਆਂ ਅਤੇ ਪੰਜਾਬ ਦੇ ਹਿੰਸਕ ਸਾਲਾਂ ਦੌਰਾਨ ਗੁਪਤ ਸਸਕਾਰਾਂ ਦੇ ਦਸਤਾਵੇਜ਼ੀ ਦੋਸ਼ ਸਨ। ਉਹ ਅੰਮ੍ਰਿਤਸਰ ਦੇ ਇੱਕ ਬੈਂਕ ਡਾਇਰੈਕਟਰ ਸਨ, ਜਿਨ੍ਹਾਂ ਨੇ ਮਨੁੱਖੀ ਅਧਿਕਾਰਾਂ ਲਈ ਕੰਮ ਸ਼ੁਰੂ ਕੀਤਾ ਅਤੇ ਐਸੇ ਰਿਕਾਰਡ ਸਾਹਮਣੇ ਲਿਆਂਦੇ ਜਿਨ੍ਹਾਂ ਵਿੱਚ ਹਜ਼ਾਰਾਂ ਗ਼ੈਰਕਾਨੂੰਨੀ ਸਸਕਾਰਾਂ ਦੇ ਨਿਸ਼ਾਨ ਮਿਲਦੇ ਸਨ। ਫ਼ਿਲਮ ਦੀ ਮੌਜੂਦਾ ਬਹਿਸ ਨਾਲ ਜੋੜੀਆਂ ਰਿਪੋਰਟਾਂ ਉਨ੍ਹਾਂ ਦੇ ਨਤੀਜਿਆਂ ਨੂੰ 25,000 ਗ਼ੈਰਕਾਨੂੰਨੀ ਹੱਤਿਆਵਾਂ ਅਤੇ ਗੁਪਤ ਸਸਕਾਰਾਂ ਦੇ ਸਬੂਤ ਵਜੋਂ ਦਰਸਾਉਂਦੀਆਂ ਹਨ। ਉਹ ਸਤੰਬਰ 1995 ਵਿੱਚ ਗਾਇਬ ਹੋਏ ਸਨ, ਅਤੇ ਬਾਅਦ ਵਿੱਚ ਅਦਾਲਤਾਂ ਨੇ ਉਨ੍ਹਾਂ ਦੇ ਅਗਵਾ ਅਤੇ ਕਤਲ ਲਈ ਪੰਜਾਬ ਪੁਲਿਸ ਦੇ ਛੇ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ।

ਇੱਕ ਲੋਕਤੰਤਰ ਆਪਣੇ ਸਭ ਤੋਂ ਕਾਲੇ ਅਧਿਆਇਆਂ ਨੂੰ ਮਿਟਾ ਕੇ ਮਜ਼ਬੂਤ ਨਹੀਂ ਹੁੰਦਾ। ਅਸਹਿਜਤਾ ਖ਼ਤਰਾ ਨਹੀਂ ਹੁੰਦੀ, ਅਤੇ ਜਵਾਬਦੇਹੀ ਉੱਤੇ ਬਣੀ ਫ਼ਿਲਮ ਸਿਰਫ਼ ਇਸ ਲਈ ਖ਼ਤਰਾ ਨਹੀਂ ਬਣ ਜਾਂਦੀ ਕਿ ਉਹ ਸੰਸਥਾਵਾਂ ਨੂੰ ਬੇਨਕਾਬ ਕਰਦੀ ਹੈ।

"ਸਤਲੁਜ" 1984 ਤੋਂ 1994 ਤੱਕ ਦੇ ਪੰਜਾਬੀ ਦੌਰ ਨਾਲ ਜੁੜੀ ਹੈ, ਉਹ ਸਮਾਂ ਜੋ ਅਜੇ ਵੀ ਕਾਨੂੰਨ, ਰਾਜਨੀਤੀ ਅਤੇ ਪਰਿਵਾਰਕ ਯਾਦਾਂ ਵਿੱਚ ਚਰਚਾ ਦਾ ਵਿਸ਼ਾ ਹੈ। ਇਹ ਇਤਿਹਾਸ ਦਰਦਨਾਕ ਹੈ ਕਿਉਂਕਿ ਇਸ ਵਿੱਚ ਅਸਲ ਲਾਸ਼ਾਂ, ਅਸਲ ਰਿਕਾਰਡ ਅਤੇ ਅਸਲ ਅਧਿਕਾਰਕ ਤਾਕਤ ਸ਼ਾਮਲ ਸੀ। ਅਜਿਹੀ ਸਮੱਗਰੀ ਨੂੰ ਛੁਪਾਉਣ ਦੀ ਕੋਸ਼ਿਸ਼ ਜਨਤਕ ਸੁਰੱਖਿਆ ਨਾਲੋਂ ਵੱਧ ਸੰਸਥਾਗਤ ਬਚਾਅ ਵਰਗੀ ਲੱਗਦੀ ਹੈ।

ਇਸੇ ਲਈ ਇਹ ਮਾਮਲਾ ਇੰਨਾ ਤਿੱਖਾ ਹੋਇਆ ਹੈ। ਮੁੱਦਾ ਸਿਰਫ਼ ਕਲਾ ਦੀ ਆਜ਼ਾਦੀ ਦਾ ਨਹੀਂ। ਮੁੱਦਾ ਇਹ ਹੈ ਕਿ ਕੀ ਇੱਕ ਰਾਜ ਗ਼ਲਤੀਆਂ ਨੂੰ ਮੰਨ ਸਕਦਾ ਹੈ, ਜਾਂ ਯਾਦਾਂ ਨੂੰ ਵੀ ਬੇਵਫ਼ਾਈ ਸਮਝਦਾ ਰਹੇਗਾ।

ਸੈਂਸਰਸ਼ਿਪ ਹਮੇਸ਼ਾ ਇੱਕ ਹੋਰ ਸਵਾਲ ਪੈਦਾ ਕਰਦੀ ਹੈ, ਇਹੀ ਕਿਉਂ, ਹੋਰ ਕਿਉਂ ਨਹੀਂ। ਜਿਵੇਂ ਹੀ ਇਹ ਸਵਾਲ ਕਮਰੇ ਵਿੱਚ ਆਉਂਦਾ ਹੈ, ਨਿਰਪੱਖ ਨਿਯਮਾਂ ਦਾ ਦਾਅਵਾ ਕਮਜ਼ੋਰ ਪੈ ਜਾਂਦਾ ਹੈ।

ਭਾਰਤੀ ਸਕ੍ਰੀਨਾਂ ਅਤੇ ਸਟ੍ਰੀਮਿੰਗ ਸੇਵਾਵਾਂ ਪਹਿਲਾਂ ਹੀ ਬਗਾਵਤ, ਜੰਗ, ਧਾਰਮਿਕ ਟਕਰਾਅ ਅਤੇ ਰਾਜੀ ਹਿੰਸਾ ਵਾਲੀਆਂ ਕਹਾਣੀਆਂ ਦਿਖਾ ਰਹੀਆਂ ਹਨ। ਕੁਝ ਉੱਤੇ ਵਾਦ ਹੁੰਦਾ ਹੈ, ਕੁਝ ਨੂੰ ਸਰਕਾਰੀ ਸਲਾਹ ਮਿਲਦੀ ਹੈ, ਕੁਝ ਰੋਕ ਦਾ ਸਾਹ-ਮਣਾ ਕਰਦੀਆਂ ਹਨ। ਜਦੋਂ ਖਾਲੜਾ ਦੇ ਰਿਕਾਰਡ ਉੱਤੇ ਬਣੀ ਫ਼ਿਲਮ ਸਾਲਾਂ ਦੀ ਰੁਕਾਵਟ ਵਿਚ ਫਸਦੀ ਹੈ, ਤਾਂ ਇਹ ਰੁਝਾਨ ਰਾਜਨੀਤਕ ਹੀ ਦਿਸਦਾ ਹੈ, ਕਿਉਂਕਿ ਵਿਸ਼ਾ ਆਪ ਵਿੱਚ ਰਾਜਨੀਤਕ ਹੈ।

ਇਹ ਹਰ ਫ਼ੈਸਲਾ ਬਦਨਿਯਤੀ ਨਾਲ ਹੀ ਹੋਇਆ, ਇਹ ਸਾਬਤ ਨਹੀਂ ਹੁੰਦਾ। ਪਰ ਚੁਣਿੰਦੀ ਰੋਕ ਇਸ ਦੀ ਭਰੋਸੇਯੋਗਤਾ ਨੂੰ ਨੁਕਸਾਨ ਪਹੁੰਚਾਉਂਦੀ ਹੈ। ਸੈਂਸਰ ਕਿਸੇ ਟਾਈਟਲ ਨੂੰ ਰੋਕ ਸਕਦਾ ਹੈ, ਪਰ ਇਹ ਸਮਝਾਉਣਾ ਔਖਾ ਰਹਿੰਦਾ ਹੈ ਕਿ ਇੱਕ ਦਰਦਨਾਕ ਇਤਿਹਾਸ ਬੋਲਣਯੋਗ ਕਿਉਂ ਹੈ ਅਤੇ ਦੂਜਾ ਕਿਉਂ ਨਹੀਂ?

"ਸਤਲੁਜ" ਨੇ ਇੱਕ ਗੱਲ ਬੜੀ ਸਾਫ਼ ਕਰ ਦਿੱਤੀ ਹੈ, ਆਨਲਾਈਨ ਫ਼ਿਲਮ ਨੂੰ ਦਬਾਉਣਾ ਅਸੰਭਵ ਤਾਂ ਨਹੀਂ, ਪਰ ਬਹੁਤ ਹੀ ਨੁਕਸਾਨਦਾਇਕ ਹੈ। ਰਾਜ ਰਿਲੀਜ਼ ਨੂੰ ਦੇਰੀ ਕਰ ਸਕਦਾ ਹੈ, ਨਾਮ ਬਦਲਵਾ ਸਕਦਾ ਹੈ, ਅਤੇ ਇੱਕ ਦੇਸ਼ ਵਿੱਚ ਪਹੁੰਚ ਰੋਕਣ ਲਈ ਪਲੇਟਫਾਰਮ ਉੱਤੇ ਦਬਾਅ ਪਾ ਸਕਦਾ ਹੈ। ਪਰ ਜਦੋਂ ਫ਼ਿਲਮ ਜਨਤਕ ਚਰਚਾ ਵਿੱਚ ਦਾਖ਼ਲ ਹੋ ਜਾਵੇ, ਉਸ ਨੂੰ ਮੁੜ ਅਣਜਾਣ ਨਹੀਂ ਬਣਾਇਆ ਜਾ ਸਕਦਾ।

ਅਸਲੀ ਸਮੱਸਿਆ ਤਕਨੀਕੀ ਨਹੀਂ, ਲੋਕਤੰਤਰੀ ਹੈ। ਜਦੋਂ ਜਸਵੰਤ ਸਿੰਘ ਖਾਲੜਾ ਉੱਤੇ ਬਣੀ ਫ਼ਿਲਮ ਦਾ ਜਵਾਬ ਦੇਣਾ ਔਖਾ ਹੋਵੇ ਅਤੇ ਉਸਨੂੰ ਹਟਾਉਣਾ ਆਸਾਨ, ਤਾਂ ਸੈਂਸਰਸ਼ਿਪ ਕੰਟਰੋਲ ਨਹੀਂ ਲੱਗਦੀ, ਡਰ ਲੱਗਦੀ ਹੈ।



**ਸਰਜੀਤ ਸਿੰਘ ਫਲੋਰਾ**

**SURJIT SINGH FLORA**

**6 Havelock Drive, Brampton, ON L6W 4A5 Canada**

**647-829-9397**

# DR Ambedkar Internaitonal School ਦੀ ਬਿਲਡਿੰਗ ਸ਼ੁਰੂ ਕਰਨ ਲਈ ਅਤੇ ਨਾਲ ਲਗਦੀ ਜ਼ਮੀਨ ਖਰੀਦਣ ਵਾਸਤੇ ਅਪੀਲ

**ਸਮਾਜ ਵੀਕਲੀ ਯੂ ਕੇ**

ਫਗਵਾੜਾ- ਸਾਰੇ ਹੀ ਸਤਿਕਾਰ ਯੋਗ ਸਾਥੀਓ ਜਿਵੇਂ ਆਪ ਸੱਭ ਨੂੰ ਪਤਾ ਹੀ ਹੈ ਕਿ ਫਗਵਾੜਾ ਵਿੱਖੇ ਸਮਾਜ ਦੀ ਆਉਣ ਵਾਲ਼ੀ ਪੀੜੀ ਦੀ foundaiton (ਨੀਂਹ) ਮਜ਼ਬੂਤ ਬਣਾਉਣ ਦੇ ਮਕਸਦ ਨਾਲ ਸਮਾਜ ਦੇ ਗਰੀਬ ਬੱਚਿਆਂ ਨੂੰ ਫ੍ਰੀ ਅਤੇ ਉੱਚੀ ਸਿੱਖਿਆ ਦੇਣ ਲਈ ਸਕੂਲ ਸ਼ੁਰੂ ਕਰਨ ਦਾ ਉਪਰਾਲਾ ਕੀਤਾ ਹੈ ਜਿਸ ਦੀ ਜ਼ਮੀਨ ਟਰੱਸਟ ਦੇ ਨਾਮ ਤੇ ਲੈਅ ਚੁਕੇ ਹਾਂ ਅਤੇ ਹੁਣ ਬਿਲਡਿੰਗ ਸ਼ੁਰੂ ਕਰਨ ਲਈ-

(1) ਨਕਸ਼ਾ ਪਾਸ ਕਰਵਾਉਣ ਲਈ,

(2) CLU (ਚੇਂਜ ਆਫ ਲੈਂਡ) ਕਰਵਉਣ ਲਈ

(3) ਸਕੂਲ ਦੀ ਬਿਲਡਿੰਗ ਬਣਾਉਣ ਲਈ

(4) ਨਾਲ ਲੱਗਦੀ ਹੋਰ ਜ਼ਮੀਨ ਖ਼ਰੀਦਣ ਵਾਸਤੇ,

ਇਹ ਸੱਭ ਕਰਨ ਲਈ 2 ਕਰੋੜ ਦੇ ਕਰੀਬ ਰੁਪਏ ਦੀ ਜ਼ਰੂਰਤ ਹੈ (ਘਬਰਾਓ ਨਹੀਂ) ਜਿੰਨੀ ਸਾਡੀ ਗਿਣਤੀ ਹੈ ਇਸ ਨੇਕ ਕੰਮ ਲਈ ਇਹ 2 ਕਰੋੜ ਕੁੱਝ ਵੀ ਨਹੀਂ ਅਗਰ ਹਰ ਸਾਥੀ ਆਪਣੀ ਗੁੰਜਾਇਸ਼ ਅਨੁਸਾਰ 50000 ਜਾਂ ਸਿਰਫ 20000 (ਵੀਹ ਹਜਾਰ) ਰੁਪਏ ਦਾ ਵੀ ਸਹਿਯੋਗ ਕਰੇ ਤਾਂ ਸਕੂਲ ਬਨਾਉਣ ‘ਚ ਕੋਈ ਪ੍ਰੇਸ਼ਾਨੀ ਨਹੀਂ ਆਵੇ ਗੀ, ਪਰ ਇਹ ਸੱਭ ਤੁਸੀ ਸਮਾਜ ਦੀ ਤਰਕੀ ਅਤੇ ਡਾ. ਅੰਬੇਡਕਰ ਜੀ ਦੇ ਮਿਸ਼ਨ ਲਈ ਕਿੰਨੇ ਸਮਰਪਿਤ ਹੋ ਇਸ ਗੱਲ ਤੇ ਨਿਰਭਰ ਕਰਦਾ ਹੈਂ ਸੋ ਤੁਸੀਂ ਸੱਭ ਸਾਥੀ ਜਿੰਨਾ ਤੋ ਅਸੀਂ ਇਸ ਨੇਕ ਉਪਰਾਲੇ ਲਈ ਆਸ ਅਤੇ ਉਮੀਦ ਰੱਖੀ ਹੈ ਉਸ ਉਮੀਦ ਨੂੰ ਨਹੀ ਤੋੜੋ ਗੇ, ਜਿੰਨਾ ਹੋ ਸਕੇ ਜਲਦ ਤੋਂ ਜਲਦ ਤੁਸੀਂ ਆਪਣੀ ਨੇਕ ਕਮਾਈ ਚੋ ਡਾ.ਅੰਬੇਡਕਰ ਜੀ ਦੇ ਮਿਸ਼ਨ ਅਤੇ ਆਪਣੇ ਸਮਾਜ ਦੀ ਆਉਣ ਵਾਲੀ ਪੀੜੀ ਦੀ ਮਜ਼ਬੂਤ ਨੀਂਹ ਵਾਸਤੇ ਬਣਨ ਜਾ ਰਹੇ ਸਕੂਲ ਵਾਸਤੇ ਜਰੂਰ ਦਾਨ ਕਰੋ ਅਤੇ ਟਰੱਸਟ ਨਾਲ ਜਲਦ ਤੋਂ ਜਲਦ ਸੰਪਰਕ ਕਰੋ ਤਾਂ ਜ਼ੋ ਅਸੀਂ ਉਨ੍ਹਾਂ ਨੂੰ Recieve ਰਸੀਦ ਦੇ ਸਕੀਏ।

**ਬੇਨਤੀ ਕਰਤਾ**

DR AMBEDKAR TRUST FOR EDUCATION & LEARNING
9888458331 – 9815803616 – 9915286386 – 9815829370 – 9815412119



TAGS#samajweekly#samajweekly.ukDR Ambedkar Internaitonal School ਦੀ ਬਿਲਡਿੰਗ ਸ਼ੁਰੂ ਕਰਨ ਲਈ ਅਤੇ ਨਾਲ ਲਗਦੀ ਜ਼ਮੀਨ ਖਰੀਦਣ ਵਾਸਤੇ ਅਪੀਲ।

# ਮਿੰਨੀ ਕਹਾਣੀ ਖੁੰਝੀ ਵਾਰੀ



ਪਿੰਡ ਦੀ ਸੱਥ ਆਪਣੀ ਪੂਰੀ ਰੌਣਕ 'ਤੇ ਸੀ। ਬੋਹੜ ਦੀ ਸੰਘਣੀ ਛਾਂ ਹੇਠ ਇੱਕ ਪਾਸੇ ਕੁਝ ਬੰਦੇ ਤਾਸ਼ ਦੀ ਬਾਜ਼ੀ ਵਿੱਚ ਰੁੱਝੇ ਹੋਏ ਸਨ। ਦੂਜੇ ਪਾਸੇ ਲੱਕੜ ਦੇ ਤਖ਼ਤਪੋਸ਼ ਉੱਤੇ ਬੈਠੇ ਕੁਝ ਬਜ਼ੁਰਗ ਅਖ਼ਬਾਰਾਂ ਦੀਆਂ ਸੁਰਖੀਆਂ ਪੜ੍ਹਦੇ ਹੋਏ ਦੇਸ਼, ਪੰਜਾਬ ਅਤੇ ਪਿੰਡ ਦੀਆਂ ਗੱਲਾਂ ਕਰ ਰਹੇ ਸਨ। ਕੋਈ ਮਹਿੰਗਾਈ ਦਾ ਰੋਣਾ ਰੋ ਰਿਹਾ ਸੀ, ਕੋਈ ਫ਼ਸਲਾਂ ਦੇ ਭਾਅ ਦਾ। ਗੱਲਾਂ ਦਾ ਰੁਖ ਹੌਲੀ-ਹੌਲੀ ਸਿਆਸਤ ਵੱਲ ਮੁੜ ਗਿਆ।

ਹਰਬੰਤ ਨੇ ਅਖ਼ਬਾਰ ਮੋੜਦਿਆਂ ਕਿਹਾ,

"ਭਾਈ, ਮੰਨੋ ਚਾਹੇ ਨਾ ਮੰਨੋ, ਵਿਕਾਸ ਸਭ ਤੋਂ ਵੱਧ ਸਾਡੀ ਪਾਰਟੀ ਨੇ ਕਰਵਾਇਆ। ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਇਆ।"

ਨੇੜੇ ਬੈਠੇ ਕਰਨੈਲ ਨੇ ਤੁਰੰਤ ਗੱਲ ਕੱਟੀ।

"ਰਹਿਣ ਦੇ ਯਾਰ! ਸਾਰੇ ਖਾਲ, ਕੱਸੀਆਂ ਤੇ ਸੂਏ ਤਾਂ ਸਾਡੀ ਸਰਕਾਰ ਨੇ ਪੱਕੇ ਕਰਵਾਏ ਸਨ। ਤੁਸੀਂ ਤਾਂ ਹੁਣ ਐਵੇਂ ਹੀ ਨੰਬਰ ਬਣਾਈ ਜਾ ਰਹੇ ਹੋ।"

ਆਲੇ-ਦੁਆਲੇ ਬੈਠੇ ਲੋਕ ਹੱਸ ਪਏ। ਕਿਸੇ ਨੇ ਸੋਚਿਆ ਸੀ ਕਿ ਗੱਲ ਇੱਥੇ ਹੀ ਮੁੱਕ ਜਾਵੇਗੀ। ਪਰ ਦੋਵਾਂ ਦੀਆਂ ਆਵਾਜ਼ਾਂ ਹੌਲੀ-ਹੌਲੀ ਉੱਚੀਆਂ ਹੋਣ ਲੱਗੀਆਂ।

"ਤੁਹਾਡੀ ਸਰਕਾਰ ਨੇ ਕੀਤਾ ਹੀ ਕੀ ਸੀ?"

"ਤੇ ਤੁਹਾਡੀ ਨੇ ਕਿਹੜਾ ਸਵਰਗ ਬਣਾ ਦਿੱਤਾ?"

ਹੁਣ ਦਲੀਲਾਂ ਦੀ ਥਾਂ ਤਨਜ਼ ਨੇ ਲੈ ਲਈ ਸੀ। ਫਿਰ ਪਾਰਟੀਆਂ ਤੋਂ ਗੱਲ ਪਰਿਵਾਰਾਂ ਤੱਕ ਪਹੁੰਚ ਗਈ। ਪੁਰਾਣੇ ਹਿਸਾਬ-ਕਿਤਾਬ ਖੁੱਲ੍ਹਣ ਲੱਗੇ। ਬੋਲਾਂ ਵਿੱਚ ਜ਼ਹਿਰ ਘੁਲ ਗਿਆ।

ਅਚਾਨਕ ਹਰਬੰਤ ਨੇ ਕਰਨੈਲ ਨੂੰ ਧੱਕਾ ਮਾਰ ਦਿੱਤਾ।

ਕਰਨੈਲ ਵੀ ਕਿੱਥੇ ਚੁੱਪ ਰਹਿਣ ਵਾਲਾ ਸੀ। ਉਹ ਵੀ ਉਸ ਉੱਤੇ ਟੁੱਟ ਪਿਆ।

ਦੇਖਦੇ ਹੀ ਦੇਖਦੇ ਪੱਗਾਂ ਲਹਿ ਗਈਆਂ, ਕੱਪੜੇ ਫੱਟ ਗਏ। ਸੱਥ ਵਿੱਚ ਹਫ਼ੜਾ-ਦਫ਼ੜੀ ਮਚ ਗਈ। ਲੋਕਾਂ ਨੇ ਮਸਾਂ ਦੋਵਾਂ ਨੂੰ ਵੱਖ ਕੀਤਾ। ਪਰ ਗੁੱਸਾ ਠੰਢਾ ਨਾ ਹੋਇਆ। ਉਹਨਾਂ ਦੇ ਪਰਿਵਾਰ ਵਿੱਚੋਂ ਕਿਸੇ ਨੇ ਪੁਲਿਸ ਨੂੰ ਫ਼ੋਨ ਕਰ ਦਿੱਤਾ।

ਸ਼ਾਮ ਤੱਕ ਦੋਵੇਂ ਥਾਣੇ ਦੇ ਬਾਹਰ ਇੱਕੋ ਬੈਂਚ ਉੱਤੇ ਚੁੱਪਚਾਪ ਬੈਠੇ ਸਨ। ਅੰਦਰ ਪੁਲਿਸ ਮੁਲਾਜ਼ਮ ਕਾਗ਼ਜ਼ ਤਿਆਰ ਕਰ ਰਹੇ ਸਨ। ਸਵੇਰ ਤੋਂ ਜੋ ਦੋਵੇਂ ਇੱਕ-ਦੂਜੇ ਨੂੰ ਹਰਾਉਣ 'ਤੇ ਤੁਲੇ ਹੋਏ ਸਨ, ਹੁਣ ਬਿਨਾਂ ਕੁਝ ਬੋਲੇ ਜ਼ਮੀਨ ਵੱਲ ਤੱਕ ਰਹੇ ਸਨ।

ਇਸੇ ਵੇਲੇ ਕਰਨੈਲ ਦੇ ਮੋਬਾਈਲ ਦੀ ਘੰਟੀ ਵੱਜੀ। ਉਸ ਨੇ ਫ਼ੋਨ ਕੰਨ ਨਾਲ ਲਾਇਆ।

"ਓਏ, ਨਹਿਰੀ ਪਾਣੀ ਆ ਗਿਆ। ਤੁਹਾਡੇ ਦੋਵਾਂ ਦੇ ਖੇਤਾਂ ਦੀ ਵਾਰੀ ਲੰਘ ਗਈ ਹੈ।

ਕਰਨੈਲ ਦੇ ਹੱਥ ਢਿੱਲੇ ਪੈ ਗਏ।

ਹਰਬੰਤ ਨੇ ਵੀ ਸਾਰੀ ਗੱਲ ਸੁਣ ਲਈ ਸੀ।

ਦੋਵੇਂ ਇੱਕ-ਦੂਜੇ ਦੇ ਚਿਹਰੇ ਵੱਲ ਤੱਕਦੇ ਰਹਿ ਗਏ। ਕੁਝ ਪਲ ਪਹਿਲਾਂ ਜਿਨ੍ਹਾਂ ਵਿਕਾਸ ਦੇ ਦਾਅਵਿਆਂ ਲਈ ਉਹ ਖ਼ੂਨ ਵਹਾਉਣ ਨੂੰ ਤਿਆਰ ਸਨ, ਉਹੀ ਵਿਕਾਸ ਉਨ੍ਹਾਂ ਦੇ ਆਪਣੇ ਖੇਤਾਂ ਨੂੰ ਪਾਣੀ ਨਾ ਦੇ ਸਕਿਆ।

ਜਿਨ੍ਹਾਂ ਪਾਰਟੀਆਂ ਲਈ ਉਹ ਲੜੇ ਸਨ, ਉਨ੍ਹਾਂ ਵਿੱਚੋਂ ਕਿਸੇ ਦਾ ਵੀ ਕੋਈ ਆਗੂ ਉਨ੍ਹਾਂ ਦੀ ਖ਼ੈਰ-ਖ਼ਬਰ ਲੈਣ ਨਾ ਆਇਆ।

ਦੋਵਾਂ ਦੀਆਂ ਨਿਗਾਹਾਂ ਝੁਕ ਗਈਆਂ।

ਉਨ੍ਹਾਂ ਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਸਿਆਸਤ ਦੀ ਲੜਾਈ ਵਿੱਚ ਉਹ ਆਪਣੀ ਹੀ ਵਾਰੀ ਹਾਰ ਬੈਠੇ ਸਨ।

ਨਹਿਰ ਦਾ ਪਾਣੀ ਤਾਂ ਅੱਗੇ ਲੰਘ ਗਿਆ ਸੀ, ਪਰ ਉਸ ਨਾਲੋਂ ਵੀ ਪਹਿਲਾਂ ਉਨ੍ਹਾਂ ਦੀ ਸਮਝ, ਉਨ੍ਹਾਂ ਦਾ ਸਮਾਂ ਅਤੇ ਉਨ੍ਹਾਂ ਦੀ ਸਾਂਝ ਵਹਿ ਚੁੱਕੀ ਸੀ।



**ਮਨਜੀਤ ਮਾਨ**
**ਮੋਬਾਈਲ 7009898044**

# ਬੰਦ-ਬੰਦ ਕਟਵਾਉਣ ਵਾਲੇ- ਭਾਈ ਮਨੀ ਸਿੰਘ

**9 ਜੁਲਾਈ ਨੂੰ ਸ਼ਹੀਦੀ ਦਿਵਸ 'ਤੇ ਵਿਸ਼ੇਸ਼**

ਭਾਈ ਮਨੀ ਸਿੰਘ ਜੀ ਸਿੱਖ ਇਤਿਹਾਸ ਦੀ ਇੱਕ ਮਹਾਨ ਹਸਤੀ ਸਨ। ਆਪ ਦਾ ਜਨਮ 10 ਮਾਰਚ ਸੰਨ 1644 ਈ: ਚੇਤਰ ਸੁਦੀ 12, ਸੰਮਤ 1701 ਬਿਕਰਮੀ ਨੂੰ ਭਾਈ ਮਾਈ ਦਾਸ ਦੇ ਘਰ ਹੋਇਆ। ਸ਼ਹੀਦ ਬਿਲਾਸ ਅਨੁਸਾਰ ਆਪ ਦੇ ਵੱਡੇ ਵਡੇਰਿਆਂ ਦਾ ਸੰਬੰਧ ਦੀਪ ਬੰਸ ਦੇ ਪੰਵਾਰ ਰਾਜਪੂਤ ਘਰਾਣੇ ਨਾਲ ਸੀ, ਜੋ ਮੁਲਤਾਨ ਦੇ ਨੇੜੇ ਅਲੀਪੁਰ ਦੇ ਰਹਿਣ ਵਾਲੇ ਸਨ। ਇੰਦਰਜੀਤ ਸਿੰਘ ਜੋਧਕਾ ਭਾਈ ਮਨੀ ਸਿੰਘ ਦਾ ਜਨਮ 10 ਮਾਰਚ ਸੰਨ 1644 ਈ: ਦਿਨ ਐਤਵਾਰ ਚੇਤਰ ਸੁਦੀ ਬਾਰ੍ਹਵੀਂ ਸੰਮਤ 1701 ਬਿਕਰਮੀ ਨੂੰ ਭਾਈ ਮਾਈ ਦਾਸ ਦੇ ਗ੍ਰਹਿ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ੱਫ਼ਰਗੜ੍ਹ ਰਿਆਸਤ ਮੁਲਤਾਨ (ਹਾਲ ਪਾਕਿਸਤਾਨ) ਵਿਖੇ ਮਾਤਾ ਮੱਧਰੀ ਬਾਈ ਜੀ ਦੀ ਕੁੱਖੋਂ ਹੋਇਆ।

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਭਾਈ ਮਨੀ ਸਿੰਘ ਦੁੱਲਟ ਚੌਧਰੀ ਕਾਲੇ ਦਾ ਪੁੱਤਰ ਸੀ। ਭਾਈ ਮਨੀ ਸਿੰਘ ਦਾ ਦੁੱਲਟ ਹੋਣਾ ਕੇਵਲ ਗਿਆਨੀ ਗਿਆਨ ਸਿੰਘ ਦੁੱਲਟ ਦੇ ਲੇਖ ਅਨੁਸਾਰ ਲਿਖਿਆ ਗਿਆ ਹੈ। ਅਨੇਕਾਂ ਸੱਜਣ ਭਾਈ ਮਨੀ ਸਿੰਘ ਦਾ ਜਨਮ ਕੈਬੋਵਾਲ ਵਿੱਚ ਮੰਨਦੇ ਹਨ। ਪਰ ਪ੍ਰਸਿੱਧ ਖੋਜੀ ਵਿਦਵਾਨ ਗਿਆਨੀ ਗਰਜਾ ਸਿੰਘ ਨੇ ਸ਼ਹੀਦ ਬਿਲਾਸ ਨਾਮੀ ਪੁਸਤਕ ਜੋ ਭੱਟ ਵਹੀਆਂ ਦੇ ਆਧਾਰ 'ਤੇ ਲਿਖੀ ਹੈ, ਵਿੱਚ ਭਾਈ ਮਨੀ ਸਿੰਘ ਦਾ ਜਨਮ ਭਾਈ ਮਾਈ ਦਾਸ ਦੇ ਘਰ 10 ਮਾਰਚ ਸੰਨ 1644 ਈ: ਵਿੱਚ ਮੱਧਰੀ ਬਾਈ ਜੀ ਦੀ ਕੁੱਖੋਂ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ੱਫ਼ਰਗੜ੍ਹ ਪਾਕਿਸਤਾਨ ਵਿੱਚ ਹੋਇਆ। ਭਾਈ ਮਾਈ ਦਾਸ ਜੀ ਦੀਆਂ ਦੋ ਧਰਮ ਪਤਨੀਆਂ ਮੱਧਰੀ ਬਾਈ ਤੇ ਬੀਬੀ ਲਡਿਕੀ ਸਨ। ਉਹਨਾਂ ਦੋ ਵਿਆਹ ਕੀਤੇ ਹੋਏ ਸਨ। ਦੋਨਾਂ ਪਤਨੀਆਂ ਤੋਂ (ਪਹਿਲੀ ਮੱਧਰੀ ਬਾਈ ਤੋਂ ਸੱਤ ਪੁੱਤਰ ਅਤੇ ਦੂਜੀ ਲਡਿਕੀ ਤੋਂ ਪੰਜ ਪੁੱਤਰ) 12 ਪੁੱਤਰ ਪੈਦਾ ਹੋਏ। ਭਾਈ ਮਨੀ ਸਿੰਘ ਜੀ ਕੁੱਲ 12 ਭਰਾ ਸਨ।

ਜਦੋਂ ਭਾਈ ਮਨੀ ਸਿੰਘ ਜੀ 13 ਸਾਲ ਦੇ ਹੋਏ ਤਾਂ ਉਹਨਾਂ ਦੇ ਪਿਤਾ ਭਾਈ ਮਾਈ ਦਾਸ ਗੁਰੂ ਹਰਿਰਾਇ ਸਾਹਿਬ ਦੇ ਦਰਸ਼ਨ ਕਰਨ ਲਈ ਸ਼੍ਰੀ ਕੀਰਤਪੁਰ ਸਾਹਿਬ ਲੈ ਆਏ। ਬਾਲਕ ਮਨੀਏ ਨੇ ਜਦ ਸਤਿਗੁਰੂ ਜੀ ਦੇ ਚਰਨਾਂ ਵਿੱਚ ਸੀਸ ਝੁਕਾਇਆ ਤਾਂ ਗੁਰੂ ਜੀ ਨੇ ਹੋਣਹਾਰ ਮਨੀਏ ਨੂੰ ਦੇਖ ਕੇ ਫ਼ਰਮਾਇਆ ਕਿ ਇਹ ਬਾਲਕ ਸਾਰੇ ਜਗਤ ਵਿੱਚ ਪ੍ਰਸਿੱਧੀ ਹਾਸਲ ਕਰੇਗਾ।

ਜਦੋਂ ਆਪ 15 ਸਾਲ ਦੇ ਹੋਏ ਤਾਂ ਆਪ ਦਾ ਵਿਆਹ ਭਾਈ ਲੱਖੀ ਰਾਏ ਦੀ ਸਪੁੱਤਰੀ ਬੀਬੀ ਸੀਤੋ ਬਾਈ ਨਾਲ ਹੋਇਆ। ਜਿਹਨਾਂ ਨੇ ਨੌਂਵੇਂ ਗੁਰੂ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਸਮੇਂ ਧੜ ਦਾ ਸਸਕਾਰ ਆਪਣੇ ਘਰ ਲਿਜਾ ਕੇ ਕੀਤਾ। ਭਾਈ ਮਨੀ ਸਿੰਘ ਜੀ ਗੁਰੂ ਹਰਿਰਾਏ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸੇਵਾ ਵਿੱਚ ਰਹੇ। ਫਿਰ ਗੁਰੂ ਸਾਹਿਬ ਦੇ ਦਿੱਲੀ ਵਿਖੇ ਜੋਤੀ-ਜੋਤਿ ਸਮਾ ਜਾਣ ਤੋਂ ਬਾਅਦ ਗੁਰੂ ਤੇਗ਼ ਬਹਾਦਰ ਜੀ ਦੀ ਸੇਵਾ ਵਿੱਚ ਬਕਾਲੇ ਪਿੰਡ ਆ ਹਾਜ਼ਰ ਹੋਏ। ਜਦੋਂ ਗੁਰੂ ਤੇਗ਼ ਬਹਾਦਰ ਜੀ ਪੂਰਬ ਦੇ ਇਲਾਕਿਆਂ ਵਿੱਚ ਧਰਮ ਪ੍ਰਚਾਰ ਕਰਕੇ ਵਾਪਸ ਅਨੰਦਪੁਰ ਸਾਹਿਬ ਪੁੱਜੇ ਤਾਂ ਭਾਈ ਮਨੀ ਸਿੰਘ ਜੀ ਵੀ ਅਨੰਦਪੁਰ ਆ ਗਏ। ਇੱਥੇ ਰਹਿ ਕੇ ਭਾਈ ਸਾਹਿਬ ਨੇ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਨ ਤੇ ਕਰਵਾਉਣ ਦੀ ਮਹਾਨ ਸੇਵਾ ਸੰਭਾਲੀ। ਜਦ ਗੁਰੂ ਤੇਗ਼ ਬਹਾਦਰ ਜੀ ਸ਼ਹੀਦੀ ਪ੍ਰਾਪਤ ਕਰਨ ਲਈ ਦਿੱਲੀ ਗਏ ਤਾਂ ਭਾਈ ਮਨੀ ਸਿੰਘ ਜੀ ਦੀ ਸੇਵਾ ਗੁਰੂ ਗੋਬਿੰਦ ਸਿੰਘ ਜੀ ਕੋਲ ਠਹਿਰਣ ਦੀ ਲੱਗੀ। ਸੰਨ 1688 ਈ: ਵਿੱਚ ਭੰਗਾਣੀ ਦਾ ਯੁੱਧ ਹੋਇਆ। ਇਸ ਯੁੱਧ ਵਿੱਚ ਭਾਈ ਮਨੀ ਸਿੰਘ ਜੀ ਨੇ ਬਾਕੀ ਗੁਰਸਿੱਖਾਂ ਨਾਲ ਰਲ ਕੇ ਸੂਰਮਗਤੀ ਦੇ ਜੌਹਰ ਦਿਖਾਏ। ਇਸੇ ਜੰਗ ਵਿੱਚ ਆਪ ਦੇ ਭਰਾ ਭਾਈ ਹਰੀ ਚੰਦ ਜੀ ਸ਼ਹੀਦੀ ਪਾ ਗਏ। ਸੰਨ 1690 ਈ: ਨੂੰ ਨਦੌਣ ਦੀ ਜੰਗ ਵਿੱਚ ਆਪ ਦੀ ਬਹਾਦਰੀ ਤੇ ਗੁਰੂ ਸਿਦਕ ਨੂੰ ਦੇਖ ਕੇ ਗੁਰੂ ਪਾਤਸ਼ਾਹ ਨੇ ਆਪ ਜੀ ਨੂੰ 'ਦੀਵਾਨ' ਦੀ ਉਪਾਧੀ ਬਖ਼ਸ਼ੀ। ਜਦੋਂ ਸੰਨ 1699 ਈ: ਨੂੰ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਖ਼ਾਲਸਾ ਸਾਜਿਆ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੇ ਭਰਾਵਾਂ ਦੇ ਸਪੁੱਤਰਾਂ ਸਮੇਤ ਖੰਡੇ-ਬਾਟੇ ਦੀ ਪਾਹੁਲ ਛਕੀ ਤਾਂ ਆਪ ਦਾ ਨਾਂ 'ਮਨੀਏ' ਤੋਂ 'ਮਨੀ ਸਿੰਘ' ਹੋਇਆ। ਭਾਈ ਸਾਹਿਬ ਅਨੰਦਪੁਰ ਸਾਹਿਬ ਵਿਖੇ ਸੰਗਤਾਂ ਨੂੰ ਹਰ ਰੋਜ਼



ਗੁਰਬਾਣੀ ਦੀ ਕਥਾ ਸੁਣਾਇਆ ਕਰਦੇ ਸਨ। ਅੰਮ੍ਰਿਤਸਰ ਦੇ ਸਿੱਖਾਂ ਵੱਲੋਂ ਬੇਨਤੀ ਕਰਨ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਪੰਜ ਸਿੱਖਾਂ ਸਮੇਤ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਸੇਵਾ-ਸੰਭਾਲ ਲਈ ਸੇਵਾਦਾਰ ਨਿਯੁਕਤ ਕਰਕੇ ਭੇਜਿਆ। ਅੰਮ੍ਰਿਤ ਪ੍ਰਚਾਰ ਦੀ ਲਹਿਰ ਵਿੱਚ ਵਾਧਾ ਕਰਕੇ ਸਿੱਖੀ ਦਾ ਬੜੇ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ।

ਅਨੰਦਪੁਰ ਸਾਹਿਬ ਦੀ ਪਹਿਲੀ ਜੰਗ ਜਿਸ ਵਿੱਚ ਪਹਾੜੀ ਰਾਜਿਆਂ ਨੇ ਹਾਥੀ ਨੂੰ ਸ਼ਰਾਬ ਪਿਆ ਕੇ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਭੇਜਿਆ। ਭਾਈ ਮਨੀ ਸਿੰਘ ਦੇ ਸਪੁੱਤਰਾਂ ਭਾਈ ਬਚਿੱਤਰ ਸਿੰਘ ਤੇ ਭਾਈ ਉਦੇ ਸਿੰਘ ਨੇ ਮੁਕਾਬਲਾ ਕੀਤਾ ਸੀ। ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਣ ਵਾਲੇ ਸਿੰਘਾਂ ਵਿੱਚ ਭਾਈ ਸਾਹਿਬ ਦੇ ਪੰਜ ਪੁੱਤਰ ਸ਼ਾਮਲ ਸਨ। ਸੰਮਤ 1761 ਬਿਕਰਮੀ ਸੰਨ 1704 ਈ: ਵਿੱਚ ਜਦ ਗੁਰੂ ਸਾਹਿਬ ਨੇ ਅਨੰਦਪੁਰ ਦਾ ਕਿਲ੍ਹਾ ਛੱਡਿਆ ਤਾਂ ਭਾਈ ਮਨੀ ਸਿੰਘ ਜੀ, ਮਾਤਾ ਸਾਹਿਬ ਕੌਰ ਜੀ ਤੇ ਮਾਤਾ ਸੁੰਦਰੀ ਜੀ ਨੂੰ ਲੈ ਕੇ ਦਿੱਲੀ ਪਹੁੰਚੇ ਤੇ ਉਹਨਾਂ ਦੀ ਸੇਵਾ ਵਿੱਚ ਹਾਜ਼ਰ ਰਹੇ। ਸੰਮਤ 1762-63 ਬਿਕਰਮੀ ਸੰਨ 1705-06 ਈ: ਵਿੱਚ ਭਾਈ ਮਨੀ ਸਿੰਘ ਜੀ, ਮਾਤਾ ਸਾਹਿਬ ਕੌਰ ਜੀ ਨਾਲ ਦਮਦਮਾ ਸਾਹਿਬ ਪੁੱਜੇ। ਇੱਥੇ ਹੀ ਕਲਗ਼ੀਧਰ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 'ਦਮਦਮੀ ਬੀੜ' ਲਿਖਵਾਈ। ਇਸ ਗ੍ਰੰਥ ਵਿੱਚ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵੀ ਦਰਜ ਕਰਵਾਈ। ਇਸੇ ਬੀੜ ਨੂੰ ਮਗਰੋਂ ਨਾਂਦੇੜ ਵਿਖੇ ਗੁਰਗੱਦੀ ਪ੍ਰਦਾਨ ਕੀਤੀ ਗਈ।

ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ ਪਿੱਛੋਂ ਜਦੋਂ ਸਿੱਖਾਂ ਵਿੱਚ ਤੱਤ ਖ਼ਾਲਸਾ ਤੇ ਬੰਦਈ ਖ਼ਾਲਸਾ ਵਿੱਚ ਮੱਤ-ਭੇਦ ਹੋ ਗਏ ਤਾਂ ਝਗੜਾ ਨਿਬੇੜਨ ਲਈ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਭੇਜਿਆ। ਜਦੋਂ ਉਹ ਅੰਮ੍ਰਿਤਸਰ ਆਏ ਤਾਂ ਦੋਹਾਂ ਧੜਿਆਂ ਨੇ ਕਿਹਾ ਕਿ ਦਰਬਾਰ ਸਾਹਿਬ ਦੇ ਪ੍ਰਬੰਧ ਦੀ ਜ਼ੁੰਮੇਵਾਰੀ ਆਪ ਜੀ ਦੇ ਸੰਭਾਲਣ 'ਤੇ ਹੀ ਝਗੜਾ ਨਿੱਬੜ ਸਕਦਾ ਹੈ। ਸੋ ਸੰਨ 1721 ਈ: ਸੰਮਤ 1778 ਬਿਕਰਮੀ ਵਿੱਚ ਆਪ ਜੀ ਨੂੰ ਸ਼੍ਰੀ ਹਰਿਮੰਦਰ ਸਾਹਿਬ ਜੀ ਦਾ ਗ੍ਰੰਥੀ ਥਾਪਿਆ। ਇਹ ਸੇਵਾ ਕਰਦਿਆਂ ਭਾਈ ਮਨੀ ਸਿੰਘ ਨੇ 'ਗਿਆਨ ਰਤਨਾਵਲੀ' ਤੇ 'ਭਗਤ ਰਤਨਾਵਲੀ' ਪੁਸਤਕਾਂ ਦੀ ਰਚਨਾ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇੱਕ ਹੱਥ ਲਿਖਤ ਬੀੜ ਵੀ ਤਿਆਰ ਕੀਤੀ। ਭਾਈ ਮਨੀ ਸਿੰਘ ਜੀ ਤਪੱਸਵੀ, ਕੁਸ਼ਲ ਲਿਖਾਰੀ, ਗੁਰਬਾਣੀ ਅਰਥ-ਬੋਧ ਦੇ ਗਿਆਤਾ, ਤੀਰ ਅੰਦਾਜ਼ੀ ਤੇ ਤਲਵਾਰ ਚਲਾਉਣ ਵਿੱਚ ਨਿਪੁੰਨ ਸਨ। ਸਰੀਰਕ ਪੱਖੋਂ ਪਤਲੇ, ਚੁਸਤ ਤੇ ਮਜ਼ਬੂਤ ਜੁੱਸੇ ਵਾਲੇ ਫੁਰਤੀਲੇ ਜੁਝਾਰੂ ਸਨ। ਜੰਗੇ-ਮੈਦਾਨ ਵਿੱਚ ਜਦ ਜੂਝਦੇ ਤਾਂ ਹਨੇਰੀ ਲੈ ਆਉਂਦੇ। ਜਦ ਗੁਰੂ ਦਰਬਾਰ ਵਿੱਚ ਕਥਾ ਕਰਦੇ ਤਾਂ ਸੰਗਤਾਂ ਵਿੱਚ ਸਿਦਕ ਤੇ ਉਤਸ਼ਾਹ ਭਰ ਦਿੰਦੇ। ਭਾਈ ਮਨੀ ਸਿੰਘ ਦਾ ਸਾਰਾ ਪਰਿਵਾਰ 11 ਭਰਾ, 10 ਪੁੱਤਰਾਂ ਵਿੱਚੋਂ 7 ਪੁੱਤਰ ਤੇ ਕਈ ਪੋਤਰੇ ਸਿੱਖੀ ਸਿਦਕ ਨੂੰ ਨਿਭਾਉਂਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ।

18ਵੀਂ ਸਦੀ ਦੇ ਆਰੰਭ ਵਿੱਚ ਇੱਕ ਪਾਸੇ ਸਿੱਖਾਂ ਤੇ ਅੱਤਿਆਚਾਰ ਹੋ ਰਹੇ ਸਨ। ਦੂਜੇ ਪਾਸੇ ਉਹਨਾਂ ਨੂੰ ਹਰਿਮੰਦਰ ਸਾਹਿਬ ਆਉਣ ਦੀ ਆਗਿਆ ਨਹੀਂ ਸੀ ਦਿੱਤੀ ਜਾਂਦੀ। ਜਦੋਂ ਉਹ ਆਉਂਦੇ ਸਨ ਤਾਂ ਉਹਨਾਂ ਨੂੰ ਫੜ ਕੇ ਸ਼ਹੀਦ ਕਰ ਦਿੱਤਾ ਜਾਂਦਾ ਸੀ। ਅੰਮ੍ਰਿਤਸਰ ਦੀ ਦੀਵਾਲੀ ਦਾ ਮੇਲਾ ਕਈ ਸਾਲਾਂ ਤੋਂ ਲਾਹੌਰ ਦੇ ਹਾਕਮਾਂ ਨੇ ਬੰਦ ਕਰ ਦਿੱਤਾ ਸੀ। ਭਾਈ ਮਨੀ ਸਿੰਘ ਨੇ ਭਾਈ ਸੂਰਤ ਸਿੰਘ ਤੇ ਭਾਈ ਸੁਬੇਗ ਸਿੰਘ ਦੀ ਮੱਦਦ ਨਾਲ ਦੀਵਾਲੀ ਦੇ ਮੌਕੇ 'ਤੇ ਅੰਮ੍ਰਿਤਸਰ ਵਿੱਚ ਮੇਲਾ ਕਰਨ ਦੀ ਲਾਹੌਰ ਦੇ ਸੂਬੇਦਾਰ ਤੋਂ ਆਗਿਆ ਲੈ ਲਈ। ਲਾਹੌਰ ਦੇ ਹਾਕਮਾਂ ਨੇ ਇੱਕ ਸ਼ਰਤ ਤੇ ਮੇਲਾ ਕਰਨ ਦੀ ਆਗਿਆ ਦਿੱਤੀ ਕਿ ਜੇਕਰ ਉਹਨਾਂ ਨੂੰ ਲਾਹੌਰ ਦੇ ਹਾਕਮਾਂ ਨੇ ਇੱਕ ਸ਼ਰਤ ਤੇ ਮੇਲਾ ਕਰਨ ਦੀ ਆਗਿਆ ਦਿੱਤੀ ਕਿ ਜੇਕਰ ਉਹਨਾਂ ਨੂੰ ਬਤੌਰ ਮੇਲਾ ਟੈਕਸ ਪੰਜ ਹਜ਼ਾਰ ਰੁਪਏ ਕੁਝ ਇਤਿਹਾਸਕਾਰਾਂ ਅਨੁਸਾਰ ਦਸ ਹਜ਼ਾਰ ਰੁਪਏ ਅਦਾ ਕੀਤਾ ਜਾਵੇ। ਭਾਈ ਮਨੀ ਸਿੰਘ ਜੀ ਨੇ ਦੂਰ-ਨੇੜੇ ਸਿੱਖ ਸੰਗਤਾਂ ਨੂੰ ਸ੍ਰੀ ਅੰਮ੍ਰਿਤਸਰ ਦੀਵਾਲੀ ਤੇ ਆਉਣ ਲਈ ਸੱਦੇ ਭੇਜ ਦਿੱਤੇ ਗਏ। ਸਾਰੇ ਪ੍ਰਬੰਧ ਮੁਕੰਮਲ ਕਰ ਲਏ ਸਨ। ਦੂਜੇ ਪਾਸੇ ਮੁਗ਼ਲ ਹਾਕਮਾਂ, ਪੰਥ ਵਿਰੋਧੀ ਤਾਕਤਾਂ, ਲਾਹੌਰ ਦਰਬਾਰ ਨੇ ਦਿੱਲੀ ਦੇ ਤਖ਼ਤ ਦੀ ਸ਼ਹਿ ਨਾਲ ਇੱਕ ਡੂੰਘੀ ਸਾਜਿਸ਼ ਤਿਆਰ ਕੀਤੀ ਕਿ ਜਦੋਂ ਸਿੱਖ ਵੱਡੀ ਤਾਦਾਦ ਵਿੱਚ ਅੰਮ੍ਰਿਤਸਰ ਇਕੱਠੇ ਹੋਣ ਤਾਂ ਉਹਨਾਂ ਨੂੰ ਘੇਰਾ ਪਾ ਕੇ ਕਤਲ ਕਰ ਦਿੱਤਾ ਜਾਵੇ। ਉਹਨਾਂ ਨੇ ਆਪਣੀਆਂ ਫ਼ੌਜਾਂ ਅੰਮ੍ਰਿਤਸਰ ਦੇ ਆਲੇ-ਦੁਆਲੇ ਉਤਾਰਨੀਆਂ ਸ਼ੁਰੂ ਕਰ ਦਿੱਤੀਆਂ। ਜਿਸ ਕਰਕੇ ਲੋਕ ਮੇਲੇ ਤੇ ਨਾ ਆਏ, ਨਾ ਸੰਗਤ ਇਕੱਠੀ ਹੋਈ ਤੇ ਨਾ ਚੜ੍ਹਾਵੇ ਦੀ ਆਮਦਨ ਹੋਈ। ਭਾਈ ਮਨੀ ਸਿੰਘ ਜੀ ਨੇ ਵੇਲੇ ਸਿਰ ਪਤਾ ਲੱਗ ਜਾਣ 'ਤੇ ਸੰਗਤਾਂ ਨੂੰ ਰੋਕ ਦਿੱਤਾ ਤੇ ਆਪਣੀ ਸੂਝ-ਬੂਝ ਨਾਲ ਕੌਮ ਨੂੰ ਬਚਾ ਲਿਆ। ਜਦੋਂ ਲਾਹੌਰ ਦੇ ਸੂਬੇਦਾਰ ਨੇ ਮੇਲਾ ਟੈਕਸ (ਜਜੀਆ) ਅਦਾ ਕਰਨ ਲਈ ਭਾਈ ਮਨੀ ਸਿੰਘ ਜੀ ਨੂੰ ਕਿਹਾ ਤਾਂ ਭਾਈ ਮਨੀ ਸਿੰਘ ਜੀ ਨੇ ਉੱਤਰ ਦਿੱਤਾ ਕਿ ਜਦੋਂ ਮੇਲਾ ਲੱਗਾ ਹੀ ਨਹੀਂ ਫਿਰ ਟੈਕਸ ਕਾਹਦਾ ਅਦਾ ਕਰਾਂ। ਭਾਈ ਮਨੀ ਸਿੰਘ, ਪਰਿਵਾਰ ਦੇ ਮੈਂਬਰਾਂ ਤੇ ਨੇੜਲੇ ਸੰਬੰਧੀਆਂ ਨੂੰ ਬੰਦੀ ਬਣਾ ਕੇ ਲਾਹੌਰ ਲਿਜਾਇਆ ਗਿਆ ਜਿੱਥੇ ਉਹਨਾਂ ਨੂੰ ਇਸਲਾਮ ਕਬੂਲ ਕਰਨ ਲਈ ਆਖਿਆ ਤੇ ਭਾਰੀ ਲਾਲਚ ਦਿੱਤੇ ਗਏ। ਭਾਈ ਸਾਹਿਬ ਲਾਹੌਰ ਜੇਲ੍ਹ ਵਿੱਚ ਵੀ ਸਵੇਰੇ-ਸ਼ਾਮ ਨਿੱਤ-ਨੇਮ ਤੇ ਕਥਾ ਜ਼ਰੂਰ ਕਰਦੇ। ਜਦੋਂ ਭਾਈ ਸਾਹਿਬ ਨੇ ਲਾਹੌਰ ਦੇ ਸੂਬੇਦਾਰਾਂ ਵੱਲੋਂ ਦਿੱਤੇ ਲਾਲਚ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਲਾਹੌਰ ਦੇ ਸੂਬੇਦਾਰਾਂ ਨੂੰ ਭਾਈ ਮਨੀ ਸਿੰਘ ਜੀ ਨੇ ਕਿਹਾ ਕਿ ਭਾਵੇਂ ਮੇਰਾ ਬੰਦ-ਬੰਦ ਕੱਟ ਦਿਓ ਪਰ ਮੈਂ ਸਿੱਖੀ ਸਿਦਕ ਨਹੀਂ ਛੱਡ ਸਕਦਾ। ਲਾਹੌਰ ਦੇ ਸੂਬੇਦਾਰਾਂ ਨੇ ਜਲਾਦਾਂ ਨੂੰ ਕਿਹਾ ਕਿ ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟ ਦਿੱਤਾ ਜਾਵੇ। ਜਦੋਂ ਜਲਾਦਾਂ ਨੇ ਭਾਈ ਮਨੀ ਸਿੰਘ ਜੀ ਦਾ ਹੱਥ ਪੱਥਰ ਤੇ ਰੱਖ ਕੇ ਵੀਣੀ (ਗੁੱਟ) ਕੋਲੋਂ ਵੱਢਣਾ ਸ਼ੁਰੂ ਕੀਤਾ ਤਾਂ ਭਾਈ ਮਨੀ ਸਿੰਘ ਜੀ ਨੇ ਉਸ ਨੂੰ ਕਿਹਾ ਕਿ ਉਸ ਨੇ ਉਂਗਲੀਆਂ ਦੇ ਕਿੰਨੇ ਜੋੜ ਛੱਡ ਦਿੱਤੇ ਹਨ। ਜਦੋਂ ਉਸ ਨੂੰ ਬੰਦ-ਬੰਦ ਕੱਟਣ ਲਈ ਕਿਹਾ ਗਿਆ ਹੈ ਤਾਂ ਉਹ ਆਪਣੇ ਮਾਲਕ ਦੇ ਹੁਕਮ ਦੀ ਪਾਲਣਾ ਕਿਉਂ ਨਹੀਂ ਕਰਦਾ। ਭਾਈ ਮਨੀ ਸਿੰਘ ਨੂੰ ਅਸਹਿ ਤੇ ਅਕਹਿ ਕਸ਼ਟ ਦਿੰਦਿਆਂ 1734 ਈ: ਨੂੰ ਕੁਝ ਇਤਿਹਾਸਕਾਰਾਂ ਤੇ ਲੇਖਕਾਂ ਅਨੁਸਾਰ ਪਰ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੰਮਤ 1794 ਬਿਕਰਮੀ ਹਾੜ ਸੁਦੀ ਪੰਚਮੀ ਸੰਨ 1737 ਈ: (93 ਸਾਲ ਦੀ ਉਮਰ) ਵਿੱਚ ਲਾਹੌਰ ਦੇ ਨਖਾਸ ਚੌਂਕ 'ਚ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ। ਮੁਹੰਮਦ ਲਤੀਫ਼ ਨੇ ਭਾਈ ਮਨੀ ਸਿੰਘ ਦਾ ਸ਼ਹੀਦ ਹੋਣਾ ਸੰਮਤ 1785 ਬਿਕਰਮੀ ਮੀਰ ਮੰਨੂ ਦੀ ਅਗਵਾਈ ਵਿੱਚ ਲਿਖਿਆ ਹੈ। ਭਾਈ ਗਿਆਨ ਸਿੰਘ ਮੱਘਰ ਸੁਦੀ 5, ਸੰਮਤ 1795 ਬਿਕਰਮੀ ਸੰਨ 1738 ਈ: ਲਿਖਦਾ ਹੈ। ਭਾਈ ਮਨੀ ਸਿੰਘ ਜੀ ਨੇ ਜਿੱਥੇ ਸ਼ਹੀਦੀ ਪਾਈ, ਉੱਥੇ ਪਵਿੱਤਰ ਸ਼ਹੀਦ ਗੰਜ ਗੁਰਦੁਆਰਾ ਲਾਹੌਰ ਦੇ ਕਿਲ੍ਹੇ ਕੋਲ ਬਣਿਆ ਹੋਇਆ ਹੈ।

**ਕਰਨੈਲ ਸਿੰਘ ਐੱਮ.ਏ.**
**ਲੁਧਿਆਣਾ**
**# 1138/63-ਏ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ-1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ।**
Emial :- karnialisngh-ma@gmial.com

Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484

email:-Samajweekly@gmail.com